Vide R.N.I. No. Pun-Pun 2002/8323 ASR/0001/2018/20

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ : 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 136
D.O.P. 10 Nov. 2020




ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮਾਤਾ ਸਾਹਿਬ ਕੌਰ ਜੀ ਨੂੰ ਸ਼ਸਤਰ ਭੇਟ ਕਰਦੇ ਹੋਏ ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

**ਤੀਸਰਾ ਅਰਦਾਸ ਸਮਾਗਮ** (ਸ੍ਰਿਸ਼ਟੀ ਦੀ ਚਾਦਰ ਭਗਤੀ ਲਹਿਰ) ਦੇ ਸੰਬੰਧ ਵਿੱਚ

ਬੱਚਿਆਂ ਲਈ ਵਿਸ਼ੇਸ਼ ਉਪਰਾਲਾ

# ਲਿਖਣ ਭਗਤੀ ਸਮਾਗਮ

**ਬੱਚਿਆਂ ਦੇ ਸਿਲੇਬਸ ਦਾ ਵੇਰਵਾ**

8 ਸਾਲ ਦੀ ਉਮਰ ਤੱਕ 6500 ਵਾਰੀ ਵਾਹਿਗੁਰੂ ਲਿਖਣਾ ਜੀ

15 ਸਾਲ ਦੀ ਉਮਰ ਤੱਕ 13000 ਵਾਰੀ ਵਾਹਿਗੁਰੂ ਲਿਖਣਾ ਜੀ

25 ਸਾਲ ਦੀ ਉਮਰ ਤੱਕ 21000 ਵਾਰੀ ਵਾਹਿਗੁਰੂ ਲਿਖਣਾ ਜੀ

**ਬੱਚੇ ਜ਼ਰੂਰੀ ਨੋਟ ਕਰਨ ਜੀ:** ਸਤਿਕਾਰ ਪ੍ਰਾਪਤ ਕਰਨ ਵੇਲੇ ਵਾਹਿਗੁਰੂ ਲਿਖੀ ਹੋਈ ਕਾਪੀ ਜਮ੍ਹਾਂ ਕਰਵਾਉਣੀ ਜ਼ਰੂਰੀ ਹੈ ਜੀ।

ਬੱਚਿਆਂ ਨੇ ਇਹ ਵਾਹਿਗੁਰੂ ਜਾਪ ਕਾਪੀਆਂ ਤੇ ਆਪਣੀ ਉਮਰ ਦੇ ਸਿਲੇਬਸ ਮੁਤਾਬਿਕ 19 ਦਸੰਬਰ 2020 ਤੱਕ ਪੂਰਾ ਕਰਨਾ ਹੈ।

19 ਦਸੰਬਰ 2020 ਦੁਪਹਿਰ 2-00 ਵਜੇ ਤੋਂ ਸ਼ਾਮ 6-00 ਵਜੇ ਤੱਕ ਕਿਹੜੇ ਸ਼ਹਿਰ ਦੇ ਬੱਚੇ ਨੇ ਕਿਸ ਨੰਬਰ ਤੇ Whatsapp ਕਰਨਾ ਹੈ ਉਸਦਾ ਵੇਰਵਾ ਇਸ ਪ੍ਰਕਾਰ ਹੈ।

| | | | |
|---|---|---|---|
| ਅੰਮ੍ਰਿਤਸਰ | 9876525814 | ਛਤੀਸਗੜ੍ਹ ਤੇ ਮਹਾਂਰਾਸ਼ਟਰ | 9876525868 |
| ਜਲੰਧਰ | 9815413138 | ਉੱਤਰਪ੍ਰਦੇਸ਼ ਤੇ ਉਤਰਾਂਖੰਡ | 9876525849 |
| ਲੁਧਿਆਣਾ | 9876525827 | ਗੁਜਰਾਤ ਤੇ ਉੜੀਸਾ | 9876525825 |
| ਪਟਿਆਲਾ | 9876121532 | ਬਿਹਾਰ ਤੇ ਰਾਜਸਥਾਨ | 7009181678 |
| ਦਿੱਲੀ ਤੇ ਹਰਿਆਣਾ | 9876525833 | ਵਿਦੇਸ਼ਾਂ ਦੇ ਬੱਚੇ ਵਾਹਿਗੁਰੂ ਲਿਖੇ ਹੋਏ ਪੇਜ਼ ਇਸ ਨੰਬਰ 09878238313 ਤੇ Whatsapp ਕਰਨ ਜੀ | |
| ਮੱਧ ਪ੍ਰਦੇਸ਼ | 9876525880 | | |

ਜਿਨ੍ਹਾਂ ਬੱਚਿਆਂ ਦੀ ਸਟੇਟ ਜਾਂ ਸ਼ਹਿਰ ਦਾ ਨਾਮ ਨਹੀਂ ਆਇਆ ਉਹ ਬੱਚੇ ਵਾਹਿਗੁਰੂ ਲਿਖੇ ਹੋਏ ਪੇਜ ਇਸ ਨੰਬਰ ਤੇ 9876525850 Whatsapp ਕਰਨ ਜੀ।

ਇਸ ਸਾਰੇ ਜਾਪ ਦੀ ਅਰਦਾਸ **20 ਦਸੰਬਰ 2020 ਸ਼ਾਮ 4.00 ਤੋਂ 6.30** ਵਜੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਲਾਇਵ ਸਮਾਗਮ 'ਚ ਹੋਵੇਗੀ।

ਬੱਚੇ ਕਿਸੇ ਵੀ ਭਾਸ਼ਾ ਵਿੱਚ ਵਾਹਿਗੁਰੂ ਜਾਪ ਲਿਖ ਸਕਦੇ ਹਨ ਜੀ। ਜੋ ਬੱਚੇ ਲਿਖਣ ਭਗਤੀ ਵਿੱਚ ਭਾਗ ਲੈਣ ਦਾ ਉਪਰਾਲਾ ਕਰਨਗੇ ਉਨ੍ਹਾਂ ਨੂੰ ਵਿਸ਼ੇਸ਼ ਸਤਿਕਾਰ ਭੇਜਿਆ ਜਾਵੇਗਾ।

ਤੁਸੀਂ ਆਪਣੀ ਕਾਪੀ ਵਿੱਚ ਕਿਵੇਂ ਹਰ ਪੇਜ ਤੇ ਨੰਬਰ ਪਾਉਣੇ ਹਨ ਤੇ ਕਿਵੇਂ ਫੋਟੋ ਖਿੱਚ ਕੇ Whatsapp ਭੇਜਣਾ ਹੈ। ਉਹ 1 ਅਕਤੂਬਰ 2020 ਦੇ ਲਾਈਵ ਸਮਾਗਮ ਵਿੱਚ ਜਿਵੇਂ ਸਮਝਾਇਆ ਗਿਆ ਹੈ ਉਸੇ ਤਰ੍ਹਾਂ ਕਰਨਾ ਹੈ।

ਜੇਕਰ ਕੋਈ ਬੱਚਾ 1 ਤੋਂ ਵੱਧ ਨੰਬਰ ਤੇ Whatsapp ਕਰ ਦਿੰਦਾ ਹੈ ਤਾਂ ਉਸਦਾ ਇਨਾਮ/ਸਤਿਕਾਰ ਕੈਂਸਲ ਹੋ ਜਾਵੇਗਾ।

ਵੱਲੋਂ: ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੇਰੀਟੇਬਲ) ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ ਸਾਹਿਬ।

ਦਾਸਨ ਦਾਸ: ਭਾਈ ਗੁਰਇਕਬਾਲ ਸਿੰਘ ਅਤੇ ਸਮੂਹ ਸਹਿਯੋਗੀ

ਨੋਟ: ਸਾਰੇ ਬੱਚੇ ਆਪਣਾ ਨਾਮ, ਉਮਰ, ਪਿਤਾ ਦਾ ਨਾਮ, ਘਰ ਦਾ ਪੂਰਾ ਪਤਾ, ਮੋਬਾਇਲ ਨੰਬਰ ਤੇ ਵਾਹਿਗੁਰੂ ਜਾਪ ਗਿਣਤੀ ਕਾਪੀ ਦੇ ਪਹਿਲੇ ਪੇਜ ਤੇ ਸਾਫ-ਸਾਫ ਲਿਖ ਕੇ 19 ਦਸੰਬਰ 2020 ਨੂੰ Whatsapp ਕਰਨਾ ਜੀ।

ਭਾਗ ਲੈਣ ਵਾਲੇ ਬੱਚੇ ਕਿਸੇ ਤਰ੍ਹਾਂ ਦੀ ਜਾਣਕਾਰੀ ਵਾਸਤੇ M.: No. 9876525800 ਸਮਾਂ ਦੁਪਹਿਰ 2-00 ਤੋਂ 4-00 ਵਿੱਚ ਸੰਪਰਕ ਕਰ ਸਕਦੇ ਹਨ।

Asr. G.P.O.No. PB0001/ 2018-20

ੴ ਸਤਿਗੁਰ ਪ੍ਰਸਾਦਿ।।

ਅੰਕ-136ਵਾਂ (2020)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

ਕੰਪਿਊਟਰ: ਸਿਫਤਿ ਸਾਲਾਹ ਦਫਤਰ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਸੰਪਾਦਕੀ 4
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ
ਬਾਰ੍ਹਵਾਂ ਭਾਗ- ਧੰਨ ਧੰਨ ਮਾਤਾ ਸਾਹਿਬ ਕੌਰ ਜੀ 5
ਜ਼ਿੰਦਗੀ ਦੀਆਂ ਬਰੀਕੀਆਂ 17
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 20
ਮੈਨੂੰ ਜ਼ਰੂਰ ਪੜ੍ਹੋ 22
ਅਧਿਆਤਮਿਕ ਵਿਚਾਰਾਂ 23
ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 24
ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾਸਤਾਨ 28
ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 33
400 ਸਾਲ ਗੁਰ ਇਤਿਹਾਸ ਦੇ ਨਾਲ
ਨਵੀਂ ਲਹਿਰ ਨੂੰ ਸਮਰਪਿਤ 35
ਅਨਮੋਲ ਬਚਨ 37
ज़िंदगी की बारीकियाँ 38
गलती की सज़ा मिलने से पहले
तू लेखा बदला सकता है 41
धन्य धन्य बाबा अटल राय जी 46
A Gursikh should never forget to pay back his loan, though he may forget to recover the loan 52
Which are the Ten Sins? 57

ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
-ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਸੰਤ ਸੁਜਾਨ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ ਕੀਰਤਨ ਦੀ ਹਾਜ਼ਰੀ ਲਗਾ ਰਹੇ ਹਨ। ਸੰਗਤ ਬਿਰਾਜਮਾਨ ਹੈ। ਸੰਗਤ ਵਿੱਚ ਬਾਬਾ ਨੰਦ ਸਿੰਘ ਜੀ ਵੀ ਬੈਠੇ ਹਨ ਤੇ ਸੰਤ ਸੁਜਾਨ ਸਿੰਘ ਜੀ ਨੇ ਕੀਰਤਨ ਕਰਦਿਆਂ ਸਾਖੀ ਲਗਾਈ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ। ਦੀਵਾਨ ਦੀ ਸਮਾਪਤੀ ਹੋਈ। ਅਗਲੇ ਦਿਨ ਫਿਰ ਦੀਵਾਨ ਸਜਿਆ ਤੇ ਸੰਤ ਸੁਜਾਨ ਸਿੰਘ ਜੀ ਕੀਰਤਨ ਕਰਨ ਲਈ ਬੈਠੇ ਤੇ ਬਾਬਾ ਨੰਦ ਸਿੰਘ ਜੀ ਨੇ ਪਿਆਰ ਵਿੱਚ ਕਿਹਾ, "ਅੱਜ ਫਿਰ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਸਾਖੀ ਲਗਾਓ।" ਸੰਤ ਸੁਜਾਨ ਸਿੰਘ ਜੀ ਨੇ ਫਿਰ ਪਿਆਰ ਵਿੱਚ ਸਾਖੀ ਸਰਵਣ ਕਰਵਾਈ। ਅਗਲੇ ਦਿਨ ਬਾਬਾ ਨੰਦ ਸਿੰਘ ਜੀ ਨੇ ਫਿਰ ਕੀਰਤਨ ਕਰਨ ਵੇਲੇ ਸੰਤ ਸੁਜਾਨ ਸਿੰਘ ਜੀ ਨੂੰ ਕਹਿ ਦਿੱਤਾ, ਅੱਜ ਫਿਰ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਸਾਖੀ ਲਗਾਓ। ਅੱਜ ਤੀਜਾ ਦਿਨ ਹੋ ਗਿਆ। ਫਿਰ ਸਾਖੀ ਲਗਾਈ। ਅਗਲੇ ਦਿਨ ਬਾਬਾ ਜੀ ਕੀਰਤਨ ਸਰਵਣ ਕਰਨ ਲੱਗੇ ਤੇ ਫਿਰ ਮੌਜ ਵਿੱਚ ਕਿਹਾ ਸੰਤ ਸੁਜਾਨ ਸਿੰਘ ਜੀ ਨੂੰ, ਅੱਜ ਫਿਰ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਸਾਖੀ ਲਗਾਓ। ਸਾਖੀ ਦੀ ਹਾਜ਼ਰੀ ਲਗਾਈ। ਦੀਵਾਨ ਦੀ ਸਮਾਪਤੀ ਹੋਈ ਤੇ ਸੰਤ ਸੁਜਾਨ ਸਿੰਘ ਜੀ ਨੇ ਬੇਨਤੀ ਕੀਤੀ, "ਬਾਬਾ ਜੀ! ਤੁਸੀਂ ਚਾਰ ਦਿਨ ਤੋਂ ਲਗਾਤਾਰ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਸਾਖੀ ਵਾਸਤੇ ਕਹਿ ਰਹੇ ਹੋ।" ਬਾਬਾ ਨੰਦ ਸਿੰਘ ਜੀ ਵੈਰਾਗ ਵਿੱਚ ਆ ਗਏ, ਕਹਿਣ ਲੱਗੇ, ਸੁਜਾਨ ਸਿਆਂ, ਮੈਂ ਲੱਭਦਾ ਪਿਆਂ, ਐਸੇ ਕਿਹੜੇ ਲਫਜ਼ ਅਰਦਾਸ ਵਿੱਚ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਵਰਤੇ ਕਿ 26 ਸਾਲ ਤੋਂ ਭੋਰੇ ਵਿੱਚ ਬੈਠੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੂੰ ਵੀ ਭੋਰੇ ਵਿੱਚੋਂ ਬਾਹਰ ਆਉਣਾ ਪਿਆ।

ਅਰਦਾਸ ਇੱਕ ਸ਼ਕਤੀ ਹੈ ਤੇ ਅਰਦਾਸ ਕਿਵੇਂ ਕਰਨੀ ਹੈ ਤੇ ਅਰਦਾਸ ਸੁਣ ਕੇ ਗੁਰੂ ਸਾਹਿਬ ਕਿਵੇਂ ਬਹੁੜੀ ਕਰਦੇ ਹਨ, ਇਹ ਸਿੱਖਣਾ ਹੈ ਤੇ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਪਿਆਰੇ ਸਿੱਖ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਤੋਂ ਸਿੱਖੀਏ। ਇਤਿਹਾਸ ਵਿੱਚ ਲਿਖਿਆ ਹੈ ਕਿ ਕਾਫੀ ਸਮਾਂ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਜਹਾਜ਼ ਸਮੁੰਦਰ ਦੀ ਦਲਦਲ ਵਿੱਚ ਧਸਿਆ ਰਿਹਾ। ਉਹ ਜਿਵੇਂ ਬਾਹਰ ਕੱਢਣ ਤੇ ਹੋਰ ਧੱਸ ਜਾਵੇ। ਜਦੋਂ ਸਾਰੇ ਪਾਸੇ ਤੋਂ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਬੇਵੱਸ ਹੋ ਗਏ ਤੇ ਫਿਰ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਅਰਦਾਸ ਕੀਤੀ। ਇਸ਼ਨਾਨ ਕਰਕੇ ਸੁੱਚੀ ਵਿਛਾਈ ਕਰਕੇ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਦੀ ਹਾਜ਼ਰੀ ਲਗਾਈ ਤੇ ਫਿਰ ਗਲ ਵਿੱਚ ਪੱਲਾ ਪਾ ਕੇ ਅੰਦਰੋਂ ਜੁੜ ਕੇ ਅਰਦਾਸ ਕੀਤੀ, ਨੌਂਵੀਂ ਜੋਤ ਦੇ ਚਰਨਾਂ ਵਿੱਚ, ਮੇਰੇ ਡੁੱਬਦੇ ਹੋਏ, ਡਿੱਗਦੇ ਹੋਏ ਬੇੜੇ ਨੂੰ ਕਿਨਾਰੇ ਤੇ ਲਗਾ ਦਿਓ। ਅਰਦਾਸ ਇੰਨੇ ਭਿੱਜੇ ਮਨ ਨਾਲ ਕੀਤੀ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਆਪ ਮੋਢਾ ਦੇ ਕੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਡੁੱਬਦੇ ਹੋਏ ਬੇੜੇ ਨੂੰ ਬੰਨੇ ਲਗਾਇਆ। ਗੁਰੂ ਸਾਹਿਬ ਕਿਵੇਂ ਸਿੱਖ ਦੀ ਰੱਖਿਆ ਕਰਦੇ ਹਨ?

***ਆਸਾ ਮਹਲਾ ੫ ॥***
***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥*** ***(ਅੰਗ ੪੦੩)***

ਸਿੱਖ ਗ੍ਰਿਹਿਸਥ ਵਿੱਚ ਵਿਚਰਦਿਆਂ ਸਾਂਈਂ ਨੂੰ ਸਦਾ ਯਾਦ ਰੱਖੇ, ਗੁਰੂ ਸਾਹਿਬ ਫਿਰ ਕਿੰਨੀ ਮਿਹਰ ਕਰਦੇ ਹਨ। ਜੁਗਤੀ ਹੋਵੇ, ਅਰਦਾਸ ਕਰਨ ਦੀ ਤੇ ਫਿਰ ਗੁਰੂ ਸਾਹਿਬ ਆਪਣੇ ਸਿੱਖ ਦੀ ਅਰਦਾਸ ਸੁਣ ਕੇ ਬਹੁੜੀ ਕਰਦੇ ਹਨ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਹਨ, **"ਸਿੱਖ ਕਾਹਲਾ ਨਾ ਪਵੇ, ਹੰਕਾਰ ਨਾ ਕਰੇ ਤੇ ਦਰ ਨਾ ਛੱਡੇ, ਕਦੀ ਖਾਲੀ ਨਹੀਂ ਜਾਂਦਾ।"** ਜਿਵੇਂ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਬੇੜਾ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਬੰਨ੍ਹੇ ਲਗਾਇਆ, ਇਵੇਂ ਅਸੀਂ ਵੀ ਜਿੱਥੇ-ਜਿੱਥੇ ਸਾਡੀ ਕਮਜ਼ੋਰੀ ਹੈ, ਗੁਰਬਾਣੀ ਦਾ ਨੇਮ ਵਧਾ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਕਰੀਏ, ਹੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ, ਮੇਰਾ ਵੀ ਅੰਮ੍ਰਿਤ ਵੇਲਾ ਨਹੀਂ ਬਣਦਾ, ਮੇਰੇ ਅੰਦਰ ਵੀ ਵਿਕਾਰਾਂ ਤੇ ਤ੍ਰਿਸ਼ਨਾ ਦੀ ਅੱਗ ਖਤਮ ਨਹੀਂ ਹੁੰਦੀ, ਮੈਂ ਵੀ ਕ੍ਰੋਧ ਤੇ ਕੰਟਰੋਲ ਨਹੀਂ ਕਰ ਸਕਦਾ, ਸਾਡਾ ਵੀ ਅੰਦਰ ਦਾ ਬੇੜਾ ਭਟਕਿਆ ਪਿਆ ਹੈ, ਵਿਕਾਰਾਂ ਦੀ ਦਲਦਲ ਵਿੱਚ ਫਸਿਆ ਪਿਆ ਹੈ। ਕਿਰਪਾ ਕਰੋ, ਸੱਚੇ ਪਾਤਸ਼ਾਹ ਜੀ! ਇਸ ਬੇੜੇ ਨੂੰ ਆਪਣਾ ਮੋਢਾ ਲਾ ਕੇ ਬੰਨੇ ਲਾ ਦਿਓ ਭਾਵ ਸਦਾ-ਸਦਾ ਲਈ ਚਰਨਾਂ ਨਾਲ ਜੋੜ ਲਵੋ।

ਸਤਿਗੁਰੂ ਜੀ ਮਿਹਰ ਕਰਨ, ਸਾਡੀ ਵੀ ਅਰਦਾਸ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਦਰ ਤੇ, ਉਨ੍ਹਾਂ ਦੇ ਚਰਨਾਂ ਵਿੱਚ ਥਾਂਏਂ ਪਵੇ ਤੇ ਸਾਡਾ ਜੀਵਨ ਵੀ ਲੇਖੇ ਲੱਗ ਜਾਵੇ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥** ***—ਸੰਪਾਦਕ***

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਬਾਰ੍ਹਵਾਂ ਭਾਗ- ਧੰਨ ਧੰਨ ਮਾਤਾ ਸਾਹਿਬ ਕੌਰ ਜੀ

## ਖਾਲਸਾ ਪੰਥ ਦੀ ਧਰਮ ਮਾਤਾ ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਬਾਰੇ ਪੰਜ ਵਿਸ਼ੇਸ਼ ਗੁਣ

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—"ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਬਾਰ੍ਹਵਾਂ ਭਾਗ- ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।

*—ਸੰਪਾਦਕ*

*ਤੇਰੈ ਭਰੋਸੈ ਪਿਆਰੇ*
*ਮੈ ਲਾਡ ਲਡਾਇਆ ॥*
*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥੧॥*
*(ਅੰਗ ੫੧)*

*ਆਸਾ ॥*
*ਸੁਤੁ ਅਪਰਾਧ ਕਰਤ ਹੈ ਜੇਤੇ ॥*
*ਜਨਨੀ ਚੀਤਿ ਨ ਰਾਖਸਿ ਤੇਤੇ ॥੧॥*
*ਰਾਮਈਆ ਹਉ ਬਾਰਿਕੁ ਤੇਰਾ ॥*
*ਕਾਹੇ ਨ ਖੰਡਸਿ ਅਵਗੁਨ ਮੇਰਾ ॥੧॥ ਰਹਾਉ ॥*
*ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥*
*ਤਾ ਭੀ ਚੀਤਿ ਨ ਰਾਖਸਿ ਮਾਇਆ ॥੨॥*
*ਚਿੰਤ ਭਵਨਿ ਮਨੁ ਪਰਿਓ ਹਮਾਰਾ ॥*
*ਨਾਮ ਬਿਨਾ ਕੈਸੇ ਉਤਰਸਿ ਪਾਰਾ ॥੩॥*
*ਦੇਹਿ ਬਿਮਲ ਮਤਿ ਸਦਾ ਸਰੀਰਾ ॥*
*ਸਹਜਿ ਸਹਜਿ ਗੁਨ ਰਵੈ ਕਬੀਰਾ ॥੪॥੩॥੧੨॥*
*(ਅੰਗ ੪੭੮)*

ਸਾਰੀ ਸੰਗਤ ਪਿਆਰ ਨਾਲ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ। ਸੰਗਤਾਂ ਗੁਰੂ ਚਰਨਾਂ ਵਿੱਚ ਤਰਲੇ ਪਾ ਰਹੀਆਂ ਹਨ ਸ਼ਬਦ ਰਾਂਹੀ

*ਕਾਹੇ ਨ ਖੰਡਸਿ ਅਵਗੁਨ ਮੇਰਾ ॥੧॥ ਰਹਾਉ ॥*
*(ਅੰਗ ੪੭੮)*

ਤੁਹਾਡੇ ਅੰਦਰ ਦੀ ਤੁਸੀਂ ਜਾਣਦੇ ਹੋ ਜਾਂ ਗੁਰੂ ਸਾਹਿਬ ਜਾਣਦੇ ਹਨ। ਜਿਹੜੇ ਚਾਹੁੰਦੇ ਹਨ, ਅੰਮ੍ਰਿਤ ਵੇਲੇ ਜਾਗਾਂ, ਜੁੜਾਂ, ਸਰੀਰ ਰੂਪੀ ਬੈਟਰੀ ਜਿਹੜੀ ਹੈ, ਦੋ-ਤਿੰਨ ਘੰਟੇ ਸ਼ਬਦ ਨਾਲ ਚਾਰਜ ਕਰਾਂ ਪਰ ਨੀਂਦਰ ਦਾ ਔਗੁਣ, ਸੁਸਤੀ ਦਾ ਔਗੁਣ ਜੋ ਅਜੇ ਤੱਕ ਨਹੀਂ ਛੱਡਿਆ ਗਿਆ, ਨਹੀਂ ਖਤਮ ਹੋਇਆ, ਫਿਰ ਇਸ ਸਤਿਸੰਗ ਵਿੱਚ ਆ ਕੇ ਗੁਰੂ ਸਾਹਿਬ ਨਾਲ ਗੱਲਾਂ ਕਰਨੀਆਂ:

*ਕਾਹੇ ਨ ਖੰਡਸਿ ਅਵਗੁਨ ਮੇਰਾ ॥੧॥ ਰਹਾਉ ॥*
*(ਅੰਗ ੪੭੮)*

ਕਥਾ ਸੁਣਦੇ ਹਾਂ, ਡਰਾਮੇ ਨਾ ਵੇਖੀਏ। ਇਹ ਚੀਜ਼ਾਂ ਨਾ ਵੇਖੀਏ ਪਰ ਫਿਰ ਵੀ ਟੀ.ਵੀ. ਤੇ ਦੇਖਣ ਲੱਗ ਜਾਂਦੇ ਹਾਂ, ਇਹ ਔਗੁਣ ਨਹੀਂ ਛੱਡਿਆ ਜਾ ਰਿਹਾ, ਗੁਰੂ ਸਾਹਿਬ ਅੱਗੇ ਜੋਦੜੀ ਕਰੀਏ, ਆਲਸ, ਸੁਸਤੀ ਵਾਲਾ ਔਗੁਣ ਨਹੀਂ ਛੱਡਿਆ ਜਾ ਰਿਹਾ, ਬੇਨਤੀ ਕਰੀਏ, ਬੜਾ ਰੋਕਦੇ ਹੋਏ ਹਫਤੇ ਵਿੱਚ ਦੋ-ਚਾਰ ਵਾਰੀ ਨਿੰਦਿਆ ਕਿਸੇ ਦੀ ਹੋ ਹੀ ਜਾਂਦੀ ਹੈ। ਬੇਨਤੀ ਕਰੀਏ, ਗਰੀਬ ਨਿਵਾਜ!

***ਕਾਹੇ ਨ ਖੰਡਸਿ ਅਵਗੁਨ ਮੇਰਾ ॥੧॥ ਰਹਾਉ ॥***

*(ਅੰਗ ੪੭੮)*

ਗੱਲਾਂ ਕਰੋ ਗੁਰੂ ਸਾਹਿਬ ਨਾਲ। ਵੇਖੋ ਕਮੀ ਕਿਹੜੀ ਹੈ? ਬਾਬਾ ਜੀ ਕਿਉਂ ਨਹੀਂ ਛਡਾਉਂਦੇ? ਮੇਰੇ ਅਵਗੁਣ, ਦੋਸ਼, ਬੁਰਾਈਆਂ ਤੁਸੀਂ ਕਿਉਂ ਨਹੀਂ ਕੱਟਦੇ? ਮੈਂ ਕਿਸ ਅੱਗੇ ਬੇਨਤੀ ਕਰਾਂ, ਤੁਹਾਡਾ ਹਾਂ ਤੁਹਾਡੇ ਅੱਗੇ ਹੀ ਬੇਨਤੀ ਹੈ।

***ਕਾਹੇ ਨ ਖੰਡਸਿ ਅਵਗੁਨ ਮੇਰਾ ॥੧॥ ਰਹਾਉ ॥***

*(ਅੰਗ ੪੭੮)*

***ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥***
***ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥੧॥***

*(ਅੰਗ ੫੧)*

ਇੱਕ ਪ੍ਰਕਰਨ ਦੀ ਮਹਾਰਾਜ ਜੀ ਸੇਵਾ ਲੈ ਰਹੇ ਹਨ। ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ। ਉਸ ਤੋਂ ਪਹਿਲਾਂ ਦਸ-ਬਾਰ੍ਹਾਂ ਮਿੰਟ ਆਪ ਜੀ ਨੇ ਸ਼ਬਦ ਰਾਹੀਂ ਬਹੁਤ ਪਿਆਰ ਨਾਲ ਬੇਨਤੀਆਂ ਕੀਤੀਆਂ ਹਨ, ਪਿਤਾ ਜੀ ਨੂੰ। ਕਈ ਤਰ੍ਹਾਂ ਦੇ ਲਾਡ ਤੇਰੀ ਕਿਰਪਾ ਨਾਲ ਲਡਾ ਰਹੇ ਹਾਂ। ਅਸੀਂ ਤੇਰੇ ਬੱਚੇ ਹਾਂ। ਤੇਰੇ ਭਰੋਸੇ ਤੇ ਗੱਲ ਕਰ ਜਾਂਦੇ ਹਾਂ। ਸਾਡੇ ਉਨ੍ਹਾਂ ਲਾਡਾਂ ਵਿੱਚ ਕੋਈ ਪਰਚਾ ਨਾ ਪਵੇ। ਸਾਡੀ ਲਾਜ ਰੱਖਣੀ। ਸਾਡੀ ਨਿਭਾ ਦੇਣੀ। ਆਓ, ਇਸ ਅੰਕ ਵਿੱਚ ਬਾਰ੍ਹਵਾਂ ਭਾਗ, ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ। ਜਿਹੜੇ ਸ਼ਬਦ ਨੂੰ ਆਧਾਰ ਬਣਾਇਆ ਹੈ, ਪਹਿਲਾਂ ਸਾਰੇ ਉਸਦੀ ਹਾਜ਼ਰੀ ਲਗਾ ਲਈਏ, ਕਿਰਪਾ ਕਰਨਾ ਜੀ:

***ਮ: ੧॥***

***ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥***
***ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥***
***ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥***
***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***
***ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥***
***ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥***
***ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥***
***ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥***

*(ਅੰਗ ੪੭੩)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਸਤਿਕਾਰ ਵਿੱਚ ਗਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

**ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :**

ਕਿਸੇ ਮਨਸ਼ਾ ਨੂੰ ਲੈ ਕੇ ਇਹ ਪ੍ਰਕਰਨ ਚੱਲਿਆ ਹੈ। ਕਿਸੇ ਰੰਗੀ ਹੋਈ ਬੀਬੀ ਦਾ ਕੋਈ ਬਚਨ ਸੁਣ ਕੇ ਸਾਡੇ ਘਰਾਂ ਵਿੱਚ ਵੀ ਤਬਦੀਲੀ ਆ ਜਾਵੇ। ਇਹ ਮਹਾਂਪੁਰਸ਼ਾਂ ਦਾ ਬਚਨ ਹੈ ਕਿ ਬੀਬੀ ਦਾ ਦਰਜਾ, ਔਰਤ ਦਾ ਦਰਜਾ, ਬੱਚੀ ਦਾ ਦਰਜਾ, ਭੈਣ ਦਾ ਦਰਜਾ, ਇੰਨਾ ਵੱਡਾ ਹੈ, ਮਹਾਂਪੁਰਸ਼ਾਂ ਦਾ ਬਚਨ ਹੈ, ਇੱਕ ਬੱਚੀ ਨੂੰ ਜੇ ਤੁਸੀਂ ਪੜ੍ਹਾ-ਲਿਖਾ ਦਿੰਦੇ ਹੋ ਤੇ ਸਮਝ ਲਓ, ਉਸ ਦੀ ਸਾਰੀ ਕੁੱਲ ਪੜ੍ਹਾ ਦਿੱਤੀ। ਕੋਈ ਬੱਚੀ ਪੜ੍ਹੀ-ਲਿਖੀ ਹੈ, ਜਦੋਂ ਵਿਆਹੀ ਜਾਵੇਗੀ, ਜਿਹੜੀ ਉਸ ਦੀ ਔਲਾਦ ਹੋਵੇਗੀ, ਉਸਨੂੰ ਵੀ ਉਹ ਪੜ੍ਹਾਏਗੀ। ਉਸ ਨੂੰ ਵੀ ਤੋਰੇਗੀ। ਇੱਕ ਬੱਚੀ ਨੂੰ ਪੜ੍ਹਾ ਲਿਖਾ ਦੇਣਾ, ਸਮਝ ਲਓ, ਇੱਕ ਕੁੱਲ ਨੂੰ ਪੜ੍ਹਾ ਲਿਖਾ ਦਿੱਤਾ। ਇਹ ਗੱਲ ਦੁਨਿਆਵੀ ਪੜ੍ਹਾਈ ਦੀ ਹੈ। ਜੇ ਇਸ ਸਤਿਸੰਗ

ਵਿੱਚੋਂ ਇੱਕ ਬੱਚੀ ਗੁਰਮਤਿ ਸਿੱਖ ਜਾਂਦੀ ਹੈ, ਸਮਝ ਲਓ, ਉਸ ਦੀ ਕੁੱਲ ਨੇ ਵੀ ਗੁਰਮਤਿ ਸਿੱਖ ਲਈ। ਜਿਸ ਬੱਚੀ ਨੇ ਇਸ ਸਤਿਸੰਗ ਵਿੱਚੋਂ ਗੁਰਮਤਿ ਸਮਝ ਲਈ, ਸੱਸ ਨਾਲ ਕਿਵੇਂ ਵਰਤਣਾ ਹੈ, ਨਨਾਣ ਨਾਲ ਕਿਵੇਂ ਵਰਤਣਾ ਹੈ, ਕਿੰਨੇ ਵਜੇ ਉੱਠਣਾ ਹੈ, ਬਾਕੀ ਘਰ ਪਰਿਵਾਰ ਨਾਲ ਕਿਵੇਂ ਵਰਤਣਾ ਹੈ, ਸਮਾਂ ਪਾ ਕੇ ਉਸ ਦੀ ਔਲਾਦ ਹੋਵੇਗੀ, ਉਹ ਗੁਣ ਉਸ ਨੂੰ ਦੇਵੇਗੀ, ਫਿਰ ਉਸ ਦੀ ਔਲਾਦ ਉਹ ਗੁਣ ਅੱਗੋਂ ਹੋਣ ਵਾਲੀ ਔਲਾਦ ਨੂੰ ਦੇਵੇਗੀ। ਇੱਕ ਲੜਕੀ ਗੁਰਮਤਿ ਸਿੱਖ ਜਾਵੇ, ਸਮਝ ਲਓ, ਇੱਕ ਕੁੱਲ ਸੁਧਰ ਗਈ। ਕਿੰਨਾ ਉੱਚਾ ਦਰਜਾ ਹੈ, ਬੱਚੀਆਂ ਦਾ, ਬੀਬੀਆਂ ਦਾ, ਲੜਕੀਆਂ ਦਾ, ਮਾਤਾਵਾਂ ਦਾ। ਤਾਂ ਹੀ ਫਿਰ ਮਹਾਰਾਜ ਜੀ ਨੇ ਆਖਿਆ ਹੈ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***
***(ਅੰਗ ੪੭੩)***

ਇਸ ਅੰਕ ਵਿੱਚ ਬਾਰ੍ਹਵਾਂ ਭਾਗ ਹੈ। ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਬਾਰ੍ਹਵੇਂ ਭਾਗ ਦੀ ਵਾਰੀ ਹੈ। ਕਿੰਨਾ ਮਾਣ ਕਲਗੀਧਰ ਪਿਤਾ ਜੀ ਨੇ ਦਿੱਤਾ ਹੈ ਜਿਨ੍ਹਾਂ ਦੇ ਤੁਸੀਂ ਇਸ ਅੰਕ ਵਿੱਚ ਦਰਸ਼ਨ ਕਰਨੇ ਹਨ:

***ਧੰਨ ਧੰਨ ਮਾਤਾ ਸਾਹਿਬ ਕੌਰ ਜੀ।***

ਮਾਤਾ ਜੀ ਦਾ ਕਿਵੇਂ-ਕਿਵੇਂ ਨਿਤਨੇਮ ਸੀ? ਕਿਵੇਂ-ਕਿਵੇਂ ਉਨ੍ਹਾਂ ਦੀ ਰੁਟੀਨ ਸੀ? ਕਿੱਥੇ ਜਨਮ ਹੋਇਆ? ਕੌਣ ਮਾਤਾ-ਪਿਤਾ ਸਨ? ਸਤਿਗੁਰੂ ਜੀ ਸੇਵਾ ਲੈਣ। ਇੱਕ ਵਾਰੀ ਪੰਕਤੀ ਪੜ੍ਹੋ ਤੇ ਫਿਰ ਮਹਾਰਾਜ ਜੀ ਖਾਲਸੇ ਦੀ ਧਰਮ ਮਾਤਾ, ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ ਜੀਵਨ ਦੇ ਦਰਸ਼ਨ ਕਰਵਾਉਣ।

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***
***(ਅੰਗ ੪੭੩)***

ਬਾਰ੍ਹਵਾਂ ਭਾਗ। ਦਰਸ਼ਨ ਕਰਿਓ ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ। ਪਹਿਲਾ ਨਾਂ- ਮਾਤਾ ਸਾਹਿਬ ਦੇਵਾਂ ਜੀ। ਫਿਰ ਅੰਮ੍ਰਿਤ ਛਕਣ ਤੋਂ ਬਾਅਦ ਮਾਤਾ ਸਾਹਿਬ ਕੌਰ ਜੀ। ਮਾਤਾ ਸਾਹਿਬ ਕੌਰ ਜੀ ਦੇ ਪਿਤਾ ਜੀ ਦਾ ਨਾਂ- ਰਾਮੂ ਬੱਸੀ ਜੀ, ਮਾਤਾ ਜੀ ਦਾ ਨਾਂ- ਮਾਤਾ ਜਸਦੇਈ ਜੀ। ਮਾਤਾ ਸਾਹਿਬ ਕੌਰ ਜੀ ਦਾ ਜਨਮ, ਰੋਹਤਾਸ, ਜ਼ਿਲ੍ਹਾ ਜੇਹਲਮ (ਪਾਕਿਸਤਾਨ) ਦਾ ਹੈ। ਸੰਗਤ ਨੂੰ ਇਹ ਦੱਸਣ ਦੀ ਲੋੜ ਨਹੀਂ, ਸਭ ਨੂੰ ਪਤਾ ਹੈ, ਸਿੱਖ ਪੰਥ ਵਿੱਚ ਮਾਤਾ ਸਾਹਿਬ ਕੌਰ ਜੀ ਦਾ ਕਿੰਨਾ ਸਤਿਕਾਰ ਹੈ, ਉਨ੍ਹਾਂ ਨੂੰ ਖਾਲਸੇ ਦੀ ਮਾਤਾ ਦਾ ਮਾਣ ਪ੍ਰਾਪਤ ਹੈ।

***ਖਾਲਸੇ ਦੇ ਮਾਤਾ ਜੀ।***

ਇਹ ਆਪ ਜੀ ਨੂੰ ਪਤਾ ਹੈ, ਮਾਤਾ ਸਾਹਿਬ ਕੌਰ ਜੀ ਨੂੰ ਸਿੱਖ ਪੰਥ ਵਿੱਚ ਕਿੰਨਾ ਮਾਣ ਪ੍ਰਾਪਤ ਹੋਇਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਸਾਰੇ ਤਖ਼ਤ ਸਾਹਿਬਾਨਾਂ ਤੇ ਜਦੋਂ ਅੰਮ੍ਰਿਤ ਛਕਾਇਆ ਜਾਂਦਾ ਹੈ ਤੇ ਪੰਜ ਪਿਆਰੇ ਸਾਹਿਬਾਨ ਤਿੰਨ ਗੱਲਾਂ ਵਿਸ਼ੇਸ਼ ਤੌਰ ਤੇ ਦੱਸਦੇ ਹਨ। ਅੱਜ ਤੋਂ ਬਾਅਦ ਗੁਰੂ ਕੇ ਸਿੱਖਾ, ਕੋਈ ਪੁੱਛੇ, ਤੂੰ ਕਿੱਥੋਂ ਦਾ

ਵਾਸੀ ਹੈਂ? ਭਾਵੇਂ ਜਿੱਥੇ ਰਹਿੰਦਾ ਹੈ, ਰਹਿਣ ਦਾ ਐਡਰੈੱਸ ਹੈ ਪਰ ਕਹਿ ਦੇਈਂ, ਅਧਿਆਤਮਿਕ ਤੌਰ ਤੇ ਮਨ ਵੇਚਣ ਤੋਂ, ਸਰੀਰ ਕਰਕੇ ਭਾਵੇਂ ਮੈਂ ਆਪਣੇ ਮਕਾਨ ਵਿੱਚ ਰਹਿ ਰਿਹਾ ਹਾਂ ਪਰ ਅਧਿਆਤਮਿਕ ਤੌਰ ਤੇ, ਮਨ ਦੇ ਤੌਰ ਤੇ, ਕਿੱਥੋਂ ਦਾ ਵਾਸੀ ਹਾਂ? ਸ੍ਰੀ ਆਨੰਦਪੁਰ ਸਾਹਿਬ ਦਾ ਵਾਸੀ ਹਾਂ। ਅੰਮ੍ਰਿਤ ਛਕਾਉਣ ਵੇਲੇ ਦੂਜੀ ਗੱਲ ਕਹਿੰਦੇ ਹਨ। ਅੱਜ ਤੋਂ ਤੇਰੇ ਪਿਤਾ- ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਤੇਰੀ ਮਾਤਾ- ਧੰਨ ਧੰਨ ਮਾਤਾ ਸਾਹਿਬ ਕੌਰ ਜੀ ਹਨ। ਇੰਨਾ ਵੱਡਾ ਦਰਜਾ ਦਿੱਤਾ ਹੈ। ਪੜ੍ਹੋ ਪਿਆਰ ਨਾਲ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ਹੁਣ ਮਾਤਾ ਸਾਹਿਬ ਕੌਰ ਜੀ ਦੇ ਬਚਪਨ ਦੇ ਸੁਭਾਅ ਦੇ ਦਰਸ਼ਨ ਕਰਿਓ। ਮਾਤਾ ਜੀ ਦਾ ਸੁਭਾਅ ਕੀ ਸੀ? ਫਿਰ ਕੁਝ ਲੈਣਾ ਵਿੱਚੋਂ। ਰਾਈਟਰਾਂ ਨੇ ਮਾਤਾ ਜੀ ਦੇ ਸੁਭਾਅ ਦੇ ਪੰਜ ਗੁਣ ਲਿਖੇ ਹਨ। ਇਹ ਗੁਣ ਸਾਨੂੰ ਸਾਰਿਆਂ ਨੂੰ ਆਪਣੇ ਵਿੱਚ ਲਿਆਉਣੇ ਚਾਹੀਦੇ ਹਨ। **ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਦਾ ਪਹਿਲਾ ਗੁਣ ਸੀ, ਸੰਜਮੀ ਸਨ।** ਸੰਜਮੀ ਸੁਭਾਅ ਕੀ ਹੁੰਦਾ ਹੈ? ਜਿੰਨੀ ਕੁ ਸਰੀਰ ਨੂੰ ਸਹੂਲਤ ਵਾਸਤੇ ਲੋੜ ਹੈ, ਓਨਾ ਹੀ ਪ੍ਰਬੰਧ ਕਰਨਾ। ਸੰਜਮ ਵਾਲਾ ਸੁਭਾਅ। ਲੋਭ ਵਾਲਾ ਨਹੀਂ। ਇਹ ਬੜੀ ਡੂੰਘੀ ਘੁੰਡੀ ਹੈ। ਦਾਸ ਕਿਵੇਂ ਬਿਆਨ ਕਰੇ? ਇਸ਼ਾਰਾ ਹੀ ਦੇ ਸਕਦਾ ਹਾਂ।

ਭਾਈ ਗੜ੍ਹੀਆ ਜੀ ਨੂੰ ਕਿਸੇ ਨੇ ਰੇਸ਼ਮੀ ਚੌਲਾ ਪੁਆ ਦਿੱਤਾ, ਬਹੁਤ ਸੁੰਦਰ ਕਢਾਈ ਵਾਲਾ ਤੇ ਸਾਹਮਣੇ ਇੱਕ ਗਰੀਬ ਆ ਗਿਆ। ਭਾਈ ਗੜ੍ਹੀਆ ਜੀ ਕਸ਼ਮੀਰ ਵੱਲ ਪ੍ਰਚਾਰ ਕਰਨ ਗਏ ਤੇ ਇੱਕ ਗਰੀਬ ਪੁਰਸ਼ ਆ ਕੇ ਕਹਿਣ ਲੱਗਾ ਕਿ ਭਾਈ ਗੜ੍ਹੀਆ ਜੀ ਪਤਾ ਲੱਗਾ ਹੈ ਕਿ ਤੁਸੀਂ ਲੋੜਵੰਦਾਂ ਦੀ ਮਦਦ ਕਰ ਰਹੇ ਹੋ। ਉਸ ਵੇਲੇ ਖਜ਼ਾਨਾ ਵਾਧੇ ਪਿਆ ਹੋਇਆ ਸੀ। ਮੇਰਾ ਵੀ ਕੁਝ ਕਰੋ ਤੇ ਭਾਈ ਗੜ੍ਹੀਆ ਜੀ ਕਹਿੰਦੇ, ਹੁਣੇ ਕੁਝ ਆ ਜਾਵੇਗਾ ਤੇ ਲੈ ਜਾਈਂ। ਸੰਗਤ ਹੀ ਲਿਆਉਂਦੀ ਹੈ ਤੇ ਅਗਾਂਹ ਵੰਡੀਦਾ ਹੈ। ਜਦੋਂ ਦੋ-ਚਾਰ-ਪੰਜ ਘੰਟੇ ਕੋਈ ਨਾ ਆਇਆ ਤੇ ਕਹਿਣ ਲੱਗਾ ਮੈਂ ਤਾਂ ਵਾਪਸ ਜਾਣਾ ਹੈ, ਪਰਸੋਂ ਧੀ ਦਾ ਵਿਆਹ ਹੈ। ਤਿਆਰੀ ਕਰਨੀ ਹੈ। ਵਿਆਹ ਲਈ ਕੁਝ ਲੈਣ ਆਇਆ ਸਾਂ। ਭਾਈ ਗੜ੍ਹੀਆ ਜੀ ਕਹਿੰਦੇ, ਕੁਝ ਆ ਜਾਵੇਗਾ ਤੇ ਲੈ ਜਾਈਂ। ਕਹਿਣ ਲੱਗਾ, ਭਾਈ ਗੜ੍ਹੀਆ ਜੀ, ਮੈਂ ਤਾਂ ਜਲਦੀ ਜਾਣਾ ਹੈ ਤੇ ਜੇਕਰ ਕਿਰਪਾ ਕਰੋ ਤਾਂ ਇਹ ਚੋਲਾ ਹੀ ਦੇ ਦਿਓ। ਭਾਈ ਗੜ੍ਹੀਆ ਜੀ ਨੇ ਰੇਸ਼ਮੀ ਚੋਲਾ ਪਾਇਆ ਸੀ, ਕਢਾਈ ਵਾਲਾ। ਉਹ ਲੋੜਵੰਦ ਕਹਿਣ ਲੱਗਾ ਕਿ ਜਿਹੜਾ ਮੈਂ ਆਪਣੀ ਬੱਚੀ ਦੇ ਵਿਆਹ ਤੇ ਆਪਣਾ ਚੋਲਾ ਸਿਲਾਉਣਾ ਹੈ, ਮੇਰੀ ਉਨੀ ਮਾਇਆ ਬਚ ਜਾਵੇਗੀ। ਭਾਈ ਗੜ੍ਹੀਆ ਜੀ ਨੇ ਇੱਕ ਮਿੰਟ ਨਹੀਂ ਲਗਾਇਆ, ਉਹ ਰੇਸ਼ਮੀ ਚੋਲਾ ਉਤਾਰ ਕੇ ਉਸ ਨੂੰ ਦੇ ਦਿੱਤਾ। ਇਹ ਹੈ ਸੰਜਮੀ ਸੁਭਾਅ, ਸਮਝਿਓ ਗੱਲ ਨੂੰ। ਦਾਸ ਨੇ ਇਸ਼ਾਰਾ ਹੀ ਦੇਣਾ ਹੈ।

ਕਈ ਬੀਬੀਆਂ ਦਾ ਸੁਭਾਅ ਹੁੰਦਾ ਹੈ, ਫੀਲ ਨਾ ਕਰਨਾ, ਦਾਸ ਵਾਸਤੇ ਸਾਰੇ ਸਤਿਕਾਰਯੋਗ ਹਨ ਪਰ ਕਈਆਂ ਦਾ ਸੁਭਾਅ ਹੁੰਦਾ ਹੈ ਕਿ ਢੇਰੀ ਤੇ ਢੇਰੀ ਲਗਾਈ ਜਾਣੀ। ਸੂਟ 100 ਪਏ ਹਨ ਪਰ ਤ੍ਰਿਸ਼ਨਾ ਤਾਂ ਵੀ ਨਹੀਂ ਮੁੱਕਦੀ, ਢੇਰੀ ਤੇ ਢੇਰੀ ਲਗਾਈ ਜਾਓ। ਇਹ ਸੰਜਮੀ ਸੁਭਾਅ ਨਹੀਂ। ਐਸੇ ਗੁਰਸਿੱਖ ਪਿਆਰਿਆਂ ਦੀ ਅਸੀਂ ਭਾਵੇਂ ਰੀਸ ਨਹੀਂ ਕਰ ਸਕਦੇ ਪਰ ਥੋੜ੍ਹਾ-ਥੋੜ੍ਹਾ ਚੱਲਣ ਦਾ ਯਤਨ ਜ਼ਰੂਰ ਕਰੀਏ। ਭਾਈ ਗੜ੍ਹੀਆ ਜੀ ਨੇ ਰੇਸ਼ਮੀ ਕੁੜ੍ਹਤਾ ਲਾਹਿਆ ਤੇ ਉਸ ਨੂੰ ਦੇ ਦਿੱਤਾ। ਜਿਸ ਨੇ ਕੁੜ੍ਹਤਾ ਭਾਈ ਗੜ੍ਹੀਆ ਜੀ ਨੂੰ ਭੇਟ ਕੀਤਾ ਸੀ, ਉਸ ਨੇ

ਬੜਾ ਫੀਲ (ਗੁੱਸਾ) ਕੀਤਾ। ਭਾਈ ਗੜ੍ਹੀਆ ਜੀ ਨੇ ਆਖਿਆ, ਭਾਈ ਤੂੰ ਫੀਲ ਕਿਉਂ ਕਰ ਰਿਹਾ ਹੈ? ਤੈਨੂੰ ਤੇ ਡਬਲ ਖੁਸ਼ੀ ਮਿਲੀ ਹੈ ਚੋਲਾ ਭੇਟਾ ਕਰਨ ਦੀ। ਉਹ ਕਹਿੰਦਾ ਜੀ, ਉਹ ਕਿਵੇਂ? ਭਾਈ ਗੜ੍ਹੀਆ ਜੀ ਕਹਿੰਦੇ, ਪਹਿਲਾਂ ਤੂੰ ਮੈਨੂੰ ਭੇਟਾ ਕੀਤਾ ਹੈ, ਮੇਰੀ ਖੁਸ਼ੀ ਤੇਰੇ ਤੇ ਅੱਗੋਂ ਜਿਸ ਨੂੰ ਮੈਂ ਚੋਲਾ ਭੇਟਾ ਕੀਤਾ ਹੈ, ਉਸ ਦੀ ਖੁਸ਼ੀ ਵੀ ਤੇਰੀ ਝੋਲੀ ਵਿੱਚ ਪਈ ਹੈ। ਤੈਨੂੰ ਡਬਲ ਖੁਸ਼ੀ ਮਿਲੀ ਹੈ। ਇੱਕ ਹੁੰਦਾ ਹੈ, ਲੋਭੀ। ਘਰ ਢੇਰੀ ਤੇ ਢੇਰੀ ਲਗਾਈ ਜਾਓ। ਤੇ ਦੂਜਾ ਹੈ, ਸੰਜਮੀ ਜੀਵਨ।

ਬਾਬਾ ਦਰਸ਼ਨ ਸਿੰਘ ਜੀ ਕੁੱਲੀ ਵਾਲਿਆਂ ਦਾ ਦਾਸ ਨੂੰ ਬਚਨ ਯਾਦ ਹੈ। ਇੱਕ ਬੀਬੀ ਨੇ ਕਿਹਾ ਸੀ, "ਬਾਬਾ ਜੀ! ਇਹ ਪ੍ਰਾਪਰਟੀ ਦੇ ਕਾਗਜ਼ ਲੈ ਲਓ, ਮੇਰੇ ਮਰਨ ਤੋਂ ਬਾਅਦ ਸਾਰਾ ਕੁਝ ਤੁਹਾਡਾ।" ਬਾਬਾ ਜੀ ਕਹਿਣ ਲੱਗੇ, ਬੀਬੀ, ਕੀ ਅਸੀਂ ਤੇਰੇ ਬੱਚਿਆਂ ਨਾਲ ਝਗੜਾ ਕਰਦੇ ਰਹਾਂਗੇ। ਜੋ ਆਪਣੇ ਜਿਉਂਦਿਆਂ ਦਾਨ ਕਰਨਾ ਹੈ, ਕਰ ਜਾ। ਬਾਅਦ ਦਾ ਕੋਈ ਪਤਾ ਨਹੀਂ। ਜੋ ਹੱਥੀਂ ਦਾਨ ਕਰਨਾ ਹੈ, ਉਹ ਕਰ ਜਾ। ਬਾਅਦ ਦਾ ਕੀ ਪਤਾ ਹੈ। ਦਾਸ ਦਾ ਖਿਆਲ ਹੈ ਸਾਡੇ ਨਾਲ ਵੀ ਕੋਈ 90 ਕੇਸ ਹੋਏ ਹੋਣੇ ਹਨ। ਸਾਡਾ ਇਹ ਪਲਾਟ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੇ ਨਾਂ ਲਿਖ ਲਓ। ਸਾਡੇ ਮਰਨ ਤੋਂ ਬਾਅਦ ਟਰੱਸਟ ਦੇ ਨਾਂ। ਕੀ ਅਸੀਂ ਤੁਹਾਡੇ ਬੱਚਿਆਂ ਨਾਲ ਬਾਅਦ ਵਿੱਚ ਝਗੜੇ ਪਾਵਾਂਗੇ। ਅਸੀਂ ਕਿੱਥੋਂ ਕਚਹਿਰੀਆਂ ਵਿੱਚ ਜਾਈਏ। ਬੱਚੇ ਕਹਿਣਗੇ ਕਿ ਇਹ ਸਾਡੀ ਮਾਂ ਦਾ ਪਲਾਟ ਸੀ ਤੇ ਹੁਣ ਸਾਡਾ ਹੈ। ਤੁਸੀਂ ਕੌਣ ਹੁੰਦੇ ਹੋ? ਬਾਬਾ ਦਰਸ਼ਨ ਸਿੰਘ ਜੀ ਕੁੱਲੀ ਵਾਲਿਆਂ ਦਾ ਉਸ ਬੀਬੀ ਨੂੰ ਬਚਨ ਕਿ ਕਿਸੇ ਵੇਲੇ ਮਨ ਵਿੱਚ ਐਸਾ ਫੁਰਨਾ ਆਇਆ ਹੈ, ਜਿਉਂਦਿਆਂ ਆਪਣੇ ਹੱਥੀਂ ਭੇਟਾ ਕਰ ਜਾਵਾਂ। ਬਾਅਦ ਦਾ ਕੀ ਪਤਾ ਹੈ। ਦਾਸ ਨੇ ਇਸ਼ਾਰਾ ਹੀ ਦਿੱਤਾ ਹੈ, ਖੁੱਲ੍ਹ ਕੇ ਨਹੀਂ ਕਿਹਾ।

ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵੀ ਇਹੋ ਸੁਭਾਅ ਸੀ। ਮਾਤਾ ਨਾਨਕੀ ਜੀ ਚੰਗੀ ਤੋਂ ਚੰਗੀ ਲੋਈ ਦੇ ਦੇਣ, ਚੰਗੇ ਤੋਂ ਚੰਗਾ ਕੁਝ ਦੇ ਦੇਣ, ਜ਼ਰਾ ਜਿਹਾ ਕਿਸੇ ਨੂੰ ਦੇਖਦੇ ਸੀ, ਆਪਣੀ ਲੋਈ ਉਸ ਉੱਤੇ ਪਾ ਦਿੰਦੇ ਸੀ। ਆਪਣੀ ਕੀਮਤੀ ਚੀਜ਼ ਉਸ ਤੇ ਪਾ ਦੇਣੀ। ਇਸ ਨੂੰ ਕਹਿੰਦੇ ਹਨ, ਸੰਜਮੀ ਸੁਭਾਅ। ਜੀਵਨ ਵਿੱਚੋਂ ਲੋਭ ਨਿਕਲ ਗਿਆ। ਲੋਭ ਤਾਂ ਇੰਨਾ ਭੈੜਾ ਹੈ, ਜੇ ਇਹ ਨਹੀਂ ਨਿਕਲਿਆ ਤੇ ਜੇ ਤੁਹਾਡੇ ਘਰ 200 ਸੂਟ ਵੀ ਪਿਆ ਹੈ ਤੇ ਤਾਂ ਵੀ ਤ੍ਰਿਸ਼ਨਾ ਨਹੀਂ ਜਾਵੇਗੀ। ਸੰਜਮੀ ਸੁਭਾਅ। ਲੋੜ ਅਨੁਸਾਰ ਰੱਖੋ। ਹੋਰ ਕੁਝ ਆ ਗਿਆ ਹੈ ਤੇ ਆਪਣੇ ਹੱਥੀਂ ਪੁੰਨ-ਦਾਨ ਕਰ ਦਿਓ। ਨਹੀਂ ਤਾਂ ਪਏ-ਪਏ ਨੂੰ ਸਿਉਂਕ ਲੱਗ ਜਾਵੇਗੀ। ਕਿਸੇ ਗਰੀਬ ਲੋੜਵੰਦਾਂ ਦੀਆਂ ਅਸੀਸਾਂ ਲਓ। ਇਹ ਸਾਡੇ ਗੁਰੂ ਘਰ ਦੀ ਮਰਿਆਦਾ ਹੈ।

ਦਾਸ ਹੈਰਾਨ ਹੈ, ਕਿਤਨੇ ਇਤਿਹਾਸ ਪੜ੍ਹੇ ਹਨ। ਜਦੋਂ ਕੋਈ ਗੁਰੂ ਘਰ ਦਾ ਵੱਡਾ ਸਮਾਗਮ ਹੁੰਦਾ ਸੀ, ਉਦੋਂ ਵੀ ਦੀਵਾਨ ਵੀ ਲਗਾਏ ਜਾਂਦੇ ਤੇ ਪੁੰਨ ਦਾਨ ਵੀ ਕੀਤੇ ਜਾਂਦੇ। ਪੰਜਵੇਂ ਪਾਤਸ਼ਾਹ ਜੀ ਦੇ ਸੱਚਖੰਡ ਪਿਆਨਾ ਕਰਨ ਤੋਂ ਬਾਅਦ ਛੇਵੇਂ ਪਾਤਸ਼ਾਹ ਜੀ ਦੇ ਸਮੇਂ ਸ੍ਰੀ ਦਰਬਾਰ ਸਾਹਿਬ ਦੀ ਸੰਪੂਰਨਤਾ ਹੋਈ, ਉਦੋਂ ਵੀ ਜਿੱਥੇ ਗੁਰੂ ਸਾਹਿਬ ਜੀ ਨੇ ਕੀਰਤਨ, ਗੁਰਬਾਣੀ ਦੇ ਪ੍ਰਵਾਹ ਚਲਾਉਣੇ, ਉੱਥੇ ਨਾਲ-ਨਾਲ ਲੋੜਵੰਦਾਂ ਨੂੰ ਅੰਨ ਬਸਤਰ ਵੀ ਵੰਡਣੇ। ਇਹ ਪਤਾ ਨਹੀਂ ਗੁਰੂ ਘਰ ਦੀ ਕੀ ਨਿਰਾਲੀ ਮਰਿਆਦਾ ਹੈ? ਇਹ ਵੀ ਤਾਂ ਬਣਾਈ ਹੈ ਕਿਉਂਕਿ ਇਨ੍ਹਾਂ ਅਸੀਸਾਂ ਦੀ ਵੀ ਲੋੜ ਹੈ। ਤਾਂ ਹੀ ਗੁਰੂ ਘਰ ਵਿੱਚ ਖੂਹ ਲਗਾਉਣੇ, ਤਾਲ ਬਣਾਉਣੇ, ਲੰਗਰ ਛਕਾਉਣਾ ਆਦਿ ਪ੍ਰਚਲਿੱਤ ਹੈ।

ਸਤਿਗੁਰੂ ਜੀ ਨੇ ਇਸ ਵਿੱਚ ਕੁਝ ਵੇਖਿਆ ਹੈ।

ਪਿਤਾ ਜੀ ਨੇ ਵੀਹ ਰੁਪਏ ਦਿੱਤੇ ਹਨ, ਕਾਰੋਬਾਰ ਕਰਕੇ ਆਓ ਪਰ ਗੁਰੂ ਸਾਹਿਬ ਨੇ ਸਾਧੂਆਂ ਨੂੰ ਲੰਗਰ ਛਕਾਇਆ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹੋ ਜਿਹਾ ਕਾਰੋਬਾਰ ਕੀਤਾ ਹੈ, ਇਹੋ ਜਿਹੀ 20 ਰੁਪਏ ਦੀ ਐਫ.ਡੀ. ਕਰਵਾ ਦਿੱਤੀ ਹੈ ਕਿ ਅੱਜ ਸਿੱਖ ਕੌਮ ਵਿੱਚ ਲੰਗਰ ਸਾਧ ਸੰਗਤ ਜੀ, ਮੁੱਕਦਾ ਹੀ ਨਹੀਂ। ਦਾਸ ਇਸ਼ਾਰਾ ਹੀ ਦੇ ਰਿਹਾ ਹੈ, ਗੁਰੂ ਘਰ ਵਿੱਚ ਗੁਰਬਾਣੀ, ਨਾਮ ਸਿਮਰਨ ਸਭ ਤੋਂ ਉੱਚਾ ਹੈ ਪਰ ਇਸ ਦੇ ਨਾਲ-ਨਾਲ ਸੰਜਮੀ ਸੁਭਾਅ ਵੀ ਸਿਖਾਇਆ ਹੈ ਕਿ ਜਿੰਨੀ ਤੇਰੀ ਵਿੱਤ ਹੈ, ਉਸ ਨਾਲ ਸਭ ਕੁਝ ਕਰ ਪਰ ਉਸ ਵਿੱਚੋਂ ਪੁੰਨ-ਦਾਨ ਵੀ ਕਰ। ਜਿਹੜਾ ਤੁਹਾਡਾ ਭਲਾਈ ਕੇਂਦਰ ਚਲਦਾ ਹੈ, ਕਿੰਨੀਆਂ ਭੈਣਾਂ, ਵੀਰ ਉਨ੍ਹਾਂ ਨੇ ਜਿਹੜੇ ਬਸਤਰ ਦੋ-ਦੋ ਸਾਲ ਪਾਏ ਹੁੰਦੇ ਹਨ, ਉਹ ਵੀ ਦੇ ਜਾਂਦੇ ਹਨ। ਉਹ ਬਸਤਰ ਕਈ ਵਾਰ ਤੁਹਾਡੇ ਲਈ ਵੇਸਟ ਹਨ ਪਰ ਜਿਹੜੀਆਂ ਉੱਥੇ 2800 ਵਿਧਵਾ ਬੀਬੀਆਂ ਰਾਸ਼ਨ ਲੈ ਰਹੀਆਂ ਹਨ, ਉਨ੍ਹਾਂ ਗਰੀਬ ਲੋੜਵੰਦਾਂ ਦੇ ਬੱਚਿਆਂ ਲਈ ਸੋਨਾ ਹਨ। ਉਨ੍ਹਾਂ ਵਾਸਤੇ ਇਹ ਪੁੰਨ ਕਮਾ ਲਿਆ। ਇਹ ਹੈ, ਸੰਜਮੀ ਸੁਭਾਅ।

ਦਾਸ ਨੇ ਇਸ਼ਾਰਾ ਹੀ ਦਿੱਤਾ ਹੈ ਕਿ ਸੰਜਮੀ ਸੁਭਾਅ ਕੀ ਹੁੰਦਾ ਹੈ? ਜਿਹੜੀਆਂ ਤੁਹਾਡੇ ਵਿੱਚੋਂ ਭੈਣਾਂ ਸੰਜਮੀ ਹੋ ਗਈਆਂ ਹਨ, ਉਹ ਘਰ ਢੇਰੀਆਂ ਨਹੀਂ ਲਗਾਉਂਦੀਆਂ। ਅਸੀਂ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੀ ਰੀਸ ਤਾਂ ਨਹੀਂ ਕਰ ਸਕਦੇ ਪਰ ਗੁਰੂ ਸਾਹਿਬ ਆਪਣੇ ਬਸਤਰਾਂ ਦੇ ਦੋ ਸੈੱਟ ਹੀ ਰੱਖਦੇ ਸੀ। ਜੇ ਮਾਤਾ ਜੀ ਨੇ ਜਾਂ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਮਹਿਲ (ਸੁਪਤਨੀ) ਨਵਾਂ ਸਿਲਵਾਉਂਦੇ ਸੀ ਤੇ ਗੁਰੂ ਸਾਹਿਬ ਨਵਾਂ ਕੁੜ੍ਹਤਾ ਪਾਉਣ ਵੇਲੇ ਆਪਣਾ ਪੁਰਾਣਾ ਕੁੜ੍ਹਤਾ ਲਾਹ ਕੇ ਕਿਸੇ ਗੁਰਸਿੱਖ ਨੂੰ ਦੇ ਦਿੰਦੇ ਸੀ, ਰੱਖਣੇ ਦੋ ਹੀ ਹਨ। ਸੰਜਮੀ ਸੁਭਾਅ। ਦਾਸ ਇਹ ਨਹੀਂ ਕਹਿੰਦਾ ਕਿ ਤੁਸੀਂ ਦੋ ਸੈੱਟ ਰੱਖੋ ਪਰ ਇੱਕ ਹੁੰਦਾ ਹੈ, 100-200 ਸੂਟ ਸਾਡੇ ਘਰ ਇਕੱਠੇ ਹੋ ਗਏ ਹਨ ਪਰ ਜਦ ਤੱਕ ਉਹ ਤ੍ਰਿਸ਼ਨਾ ਨਹੀਂ ਨਿਕਲੀ, ਸੰਜਮ ਨਹੀਂ ਆਇਆ, ਗੱਲਾਂ ਕੁਝ ਹੋਰ ਹਨ। ਜੀਵਨ ਦੀਆਂ ਬਾਤਾਂ ਹੋਰ ਹਨ। ਇਹ ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਦੇ ਪੰਜ ਗੁਣਾਂ ਵਿੱਚੋਂ ਪਹਿਲਾ ਗੁਣ ਲਿਖਿਆ ਹੈ ਕਿ ਸੰਜਮੀ ਸੁਭਾਅ ਸੀ।

**ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਦਾ ਦੂਜਾ ਗੁਣ ਲਿਖਿਆ ਹੈ, ਹੱਸਮੁਖ ਚਿਹਰਾ।** ਦਾਸ ਨੂੰ ਇਹ ਗੱਲ ਬੜੀ ਅਪੀਲ ਕੀਤੀ। ਬੀਬੀਓ, ਫੀਲ ਨਾ ਕਰਨਾ। ਇਸੇ ਕਰਕੇ ਹੀ ਇਹ ਪ੍ਰਸੰਗ ਚੱਲਿਆ ਹੈ। ਕਈ ਵਾਰੀ ਤੁਹਾਡੇ ਚਿਹਰੇ ਦੀ ਮੁਸਕਾਰਹਟ ਸੱਸ ਦਾ ਖ਼ੂਨ ਦੂਣਾ ਕਰ ਦਿੰਦੀ ਹੈ ਤੇ ਕਈ ਵਾਰੀ ਸੱਸ ਦੇ ਚਿਹਰੇ ਦੀ ਮੁਸਕਰਾਹਟ ਨੂੰਹ ਦੇ ਖ਼ੂਨ ਨੂੰ ਦੂਣਾ ਕਰ ਦਿੰਦੀ ਹੈ ਤੇ ਕਈ ਵਾਰੀ ਨੂੰਹ ਪੈਰੀਂ ਹੱਥ ਲਗਾਵੇ, ਸੱਸ ਮਾੜਾ ਜਿਹਾ ਪੈਰ ਪਰ੍ਹੇ ਕਰ ਲਵੇ, ਅੱਗੋਂ ਮੁਸਕਰਾਹਟ ਨਾ ਦਿਖਾਵੇ, ਅਸੀਸ ਨਾ ਦੇਵੇ, ਭਾਵੇਂ ਕੁਝ ਨਾ ਬੋਲੇ ਪਰ ਅੰਦਰ ਆ ਜਾਂਦਾ ਹੈ ਕਿ ਕਿਉਂ ਇਸ ਤਰ੍ਹਾਂ ਕੀਤਾ ਹੈ, ਕਿਉਂ ਅਸੀਸ ਨਹੀਂ ਦਿੱਤੀ।

ਦਾਸ ਨੂੰ ਇਹ ਗੱਲ ਬੜੀ ਚੰਗੀ ਲੱਗੀ ਹੈ ਕਿ ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਵਿੱਚ ਦੂਜਾ ਗੁਣ ਸੀ, ਹਸੂੰ-ਹਸੂੰ ਕਰਦਾ (ਖਿੜਿਆ) ਚਿਹਰਾ। ਹਰ ਕਿਸੇ ਨੂੰ ਹੱਸ ਕੇ ਖ਼ੁਸ਼ੀ ਦੇਣੀ। ਇਹ ਵੀ ਜ਼ਿੰਦਗੀ ਵਿੱਚ ਲਿਆਓ। ਸਿੱਖ ਨੇ ਚੁੱਪ ਵੀ ਰਹਿਣਾ ਹੈ, ਸਿੱਖ ਨੇ ਵੈਰਾਗ ਵਿੱਚ ਵੀ ਰਹਿਣਾ ਹੈ, ਸਿੱਖ ਨੇ ਘੱਟ ਵੀ ਬੋਲਣਾ ਹੈ ਪਰ ਸਿੱਖ ਦਾ ਵੈਰਾਗ, ਸਿੱਖ ਦੀ ਚੁੱਪ, ਘੱਟ ਬੋਲਣਾ ਇਹੋ ਜਿਹਾ ਨਾ ਹੋ ਜਾਵੇ, ਕੋਈ ਦੂਜਾ ਕਹੇ ਕਿ ਇਸ ਦਾ ਸੜੀਅਲ ਸੁਭਾਅ ਹੈ। ਇਹ ਚੀਜ਼ਾਂ ਹੋਣ ਪਰ ਉਸ ਵਿੱਚ ਸੜੀਅਲ ਸੁਭਾਅ ਨਾ ਹੋਵੇ, ਹਸੂੰ-ਹਸੂੰ ਚਿਹਰਾ ਹੋਵੇ। ਤੇਰੇ ਕੋਲੋਂ ਵੀ ਕੋਈ

ਲੰਘੇ ਤੇ ਉਸ ਨੂੰ ਠੰਡ ਮਿਲੇ, ਪ੍ਰਸੰਨਤਾ ਮਿਲੇ। ਇਹ ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਦਾ ਦੂਜਾ ਗੁਣ ਲਿਖਿਆ ਹੈ, ਹਸੂੰ-ਹਸੂੰ ਚਿਹਰਾ।

**ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਦਾ ਤੀਜਾ ਗੁਣ ਲਿਖਿਆ ਹੈ, ਮਿਲਾਪੜਾ ਸੁਭਾਅ।** ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਬੇਟੀ ਸਿਮਰਨ ਕੌਰ, ਉਸ ਦੁਆਰਾ ਲਿਖੇ ਜ਼ਿਕਰ ਹਨ ਅਤੇ ਹੋਰ ਵੀ ਰਾਈਟਰਾਂ ਨੇ ਇਹ ਜ਼ਿਕਰ ਲਿਖੇ ਹਨ ਜੋ ਦਾਸ ਬੋਲ ਰਿਹਾ ਹੈ। ਕਿਤੇ ਇਹ ਨਾ ਸਮਝਣਾ ਕਿ ਦਾਸ ਕੋਲੋਂ ਕਹਿ ਰਿਹਾ ਹੈ। ਮਾਤਾ ਜੀ ਦੇ ਸੁਭਾਅ ਦਾ ਤੀਜਾ ਗੁਣ ਲਿਖਿਆ ਹੈ, ਮਿਲਾਪੜਾ ਸੁਭਾਅ। ਇਹ ਗੁਣ ਵੀ ਆਪਣੇ ਜੀਵਨ ਵਿੱਚ ਲਿਆਓ, ਜੇ ਕਮੀ ਹੋਵੇ। ਜੇ ਮਾਤਾ ਸਾਹਿਬ ਕੌਰ ਜੀ ਦੇ ਗੁਣਾਂ ਨੂੰ, ਗੁਰਮੁਖਾਂ ਰੂਹਾਂ ਦੇ ਗੁਣਾਂ ਨੂੰ ਜ਼ਿੰਦਗੀ ਵਿੱਚ ਨਹੀਂ ਲਿਆਵਾਂਗੇ ਤਾਂ ਜੀਵਨ ਨਰਕ ਬਣ ਜਾਵੇਗਾ। ਜੇ ਇਹ ਗੁਣ ਜ਼ਿੰਦਗੀ ਵਿੱਚ ਲਿਆਵਾਂਗੇ ਤਾਂ ਇਹ ਜ਼ਿੰਦਗੀ ਸੁਖਦਾਈ ਬਣ ਜਾਵੇਗੀ। ਜੇ ਇਸ ਨਿੱਕੀ ਜਿਹੀ ਗੱਲ ਨੂੰ ਪਕੜ ਲਿਆ, ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕਹਿੰਦਾ ਹੈ ਕਿ ਜੇ ਤੁਹਾਡੇ ਕਰਮਾਂ ਵਿੱਚ ਲਿਖਿਆ ਹੈ ਕਿ ਅੱਜ ਤੇਰੇ ਘਰ ਕਲੇਸ਼ ਪੈਣਾ ਹੈ ਤੇ ਹੋ ਸਕਦਾ ਹੈ, ਤੇਰਾ ਮਿਲਾਪੜਾ ਸੁਭਾਅ ਉਹ ਕਰਮ ਵੀ ਕੱਟ ਦੇਵੇ। ਕਈ ਵਾਰੀ ਸਮੇਂ ਤਬਦੀਲ ਹੋ ਜਾਂਦੇ ਹਨ। ਇੱਕ ਜ਼ਬਾਨ ਹੀ ਹੈ, ਜੇ ਇਸ ਵਿੱਚ ਮਿਲਾਪੜਾ ਸੁਭਾਅ ਹੈ, ਪਈਆਂ ਹੋਈਆਂ ਕੰਧਾਂ ਵੀ ਡਿੱਗ ਜਾਣਗੀਆਂ। ਤੇ ਇੱਕ ਜ਼ਬਾਨ ਹੀ ਹੈ, ਜੇ ਇਸ ਵਿੱਚ ਮਿਲਾਪੜਾ ਸੁਭਾਅ ਨਹੀਂ ਤੇ ਚੰਗੀ ਭਲੀ ਚਲਦੀ ਜ਼ਿੰਦਗੀ ਵਿੱਚ ਵੀ ਕੰਧਾਂ ਪੈ ਜਾਣਗੀਆਂ। ਮਹਾਰਾਜ ਜੀ ਨੇ ਫ਼ਰਮਾਇਆ ਹੈ :

***ਸਲੋਕੁ ਮ: ੧ ॥***

***ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥***

*(ਅੰਗ ੪੭੩)*

ਕਈ ਗੁਰੂ ਦੇ ਸਿੱਖ ਜਿਨ੍ਹਾਂ ਨੇ ਮਾਤਾ ਸਾਹਿਬ ਕੌਰ ਜੀ ਅਤੇ ਹੋਰ ਰੰਗੀਆਂ ਮਾਤਾਵਾਂ, ਰੰਗਿਆਂ ਗੁਰਸਿੱਖਾਂ ਦਾ ਸੁਭਾਅ ਨਹੀਂ ਪੜ੍ਹਿਆ, ਕਈ ਵਾਰ ਐਸੇ ਸਮੇਂ ਵੀ ਬਣਦੇ ਵੇਖੇ ਹਨ ਕਿ ਕਈ ਥਾਂ ਤੇ ਸਿੱਖ, ਸਿੱਖ ਨੂੰ ਫਤਹਿ ਨਹੀਂ ਬੁਲਾਉਂਦੇ। ਇਸ ਨੇ ਚਿੱਟੀ ਪੱਗ ਬੰਨੀ ਹੈ, ਮੈਂ ਫਲਾਣੀ ਪੱਗ ਬੰਨੀ ਹੈ। ਉਹ ਫਲਾਣੀ ਸੰਪਰਦਾ ਹੈ, ਮੈਂ ਇਸ ਨੂੰ ਫਤਹਿ ਨਹੀਂ ਬੁਲਾਉਣੀ। ਪੱਗਾਂ ਦੇ ਰੰਗ ਨੂੰ ਪਾਸੇ ਰੱਖ ਦੇ। ਆਪਾਂ ਤਾਂ ਫਿਰ ਆਪਸ ਵਿੱਚ ਸਿੱਖ ਹਾਂ। ਤੇਰਾ ਸੁਭਾਅ ਐਸਾ ਮਿਲਾਪੜਾ ਹੋਵੇ ਕਿ ਜੇ ਤੈਨੂੰ ਕੋਈ ਮੁਸਲਮਾਨ ਵੀਰ ਵੀ ਮਿਲੇ ਤਾਂ ਤੈਨੂੰ ਮਿਲ ਕੇ ਉਸਦੇ ਹਿਰਦੇ ਵਿੱਚ ਵੀ ਠੰਢ ਪਵੇ। ਜੇ ਕੋਈ ਹਿੰਦੂ ਵੀਰ ਵੀ ਮਿਲੇ ਤੇ ਤੈਨੂੰ ਮਿਲ ਕੇ ਉਸ ਦਾ ਹਿਰਦਾ ਵੀ ਠਰੇ।

ਸਿੱਖ ਦੇ ਅੰਦਰ ਦੇ ਵਿਚਾਰ ਉਹ ਅਗਰ ਨਿਰਵੈਰ ਹੋਣ, ਮਿਲਾਪੜੇ ਹੋਣ, ਪਿਆਰ ਵਾਲੇ ਹੋਣ ਤੇ ਸਿੱਖ ਦੇ ਅੰਦਰੋਂ ਉਸ ਸੁਭਾਅ ਦੇ ਨਾਲ ਗੁਰੂ ਸਾਹਿਬ ਦੀ ਹੋਰ ਮਹਿਮਾ ਹੁੰਦੀ ਹੈ। ਜੇ ਸਿੱਖ ਦੇ ਸੁਭਾਅ ਵਿੱਚ ਕੌੜਾਪੰਨ, ਫਿੱਕਾਪੰਨ, ਦੂਸਰੀ ਗੱਲ ਹੋਵੇ, ਹੈ ਸਿੱਖ ਦੀ ਆਪਣੀ ਕਮੀ ਹੈ ਪਰ ਉਸ ਕਮੀ ਕਰਕੇ ਕਈ ਵਾਰੀ ਸਿੱਖ ਆਪਣੇ ਗੁਰੂ ਵੱਲ ਵੀ ਉਂਗਲ ਕਰਵਾ ਦਿੰਦਾ ਹੈ। ਇਹ ਮਾਤਾ ਸਾਹਿਬ ਕੌਰ ਜੀ ਦਾ ਤੀਜਾ ਗੁਣ ਹੈ, ਮਿਲਾਪੜਾ ਸੁਭਾਅ ਸੀ। ਇਹ ਤੀਜਾ ਗੁਣ ਵੀ ਅਸੀਂ ਆਪਣੀ ਜ਼ਿੰਦਗੀ

*ਇੱਕ ਜ਼ਬਾਨ ਹੀ ਹੈ, ਜੇ ਇਸ ਵਿੱਚ ਮਿਲਾਪੜਾ ਸੁਭਾਅ ਹੈ, ਪਈਆਂ ਹੋਈਆਂ ਕੰਧਾਂ ਵੀ ਡਿੱਗ ਜਾਣਗੀਆਂ। ਤੇ ਇੱਕ ਜ਼ਬਾਨ ਹੀ ਹੈ, ਜੇ ਇਸ ਵਿੱਚ ਮਿਲਾਪੜਾ ਸੁਭਾਅ ਨਹੀਂ ਤੇ ਚੰਗੀ ਭਲੀ ਚਲਦੀ ਜ਼ਿੰਦਗੀ ਵਿੱਚ ਵੀ ਕੰਧਾਂ ਪੈ ਜਾਣਗੀਆਂ।*

ਵਿੱਚ ਲਿਆਉਣਾ ਹੈ। ਦਾਸ ਬੇਨਤੀ ਕਰਦਾ ਹੈ ਤੁਹਾਡਾ ਘਰ ਫਿਰ ਸੱਚਖੰਡ ਬਣ ਜਾਵੇਗਾ। ਤੁਹਾਡੇ ਸਾਕ-ਸੰਬੰਧੀ, ਆਲਾ-ਦੁਆਲਾ, ਮੁਹੱਲਾ ਤੁਹਾਨੂੰ ਤਲੀ ਤੇ ਚੁੱਕੇਗਾ। ਤੁਹਾਨੂੰ ਇੰਨਾ ਪਿਆਰ ਕਰਨਗੇ, ਤੁਹਾਡਾ ਇੰਨਾ ਸਤਿਕਾਰ ਕਰਨਗੇ ਕਿ ਜਿੰਨਾ ਤੁਸੀਂ ਸੋਚਿਆ ਵੀ ਨਹੀਂ ਹੋਵੇਗਾ। ਸੁਭਾਅ ਵਿੱਚ ਸੰਜਮ ਆ ਜਾਵੇ ਫਿਰ ਲੋਕ ਤਲੀ ਤੇ ਚੁੱਕਦੇ ਹਨ।

ਕੁਝ ਦਿਨ ਪਹਿਲਾਂ ਦਾਸ ਨੂੰ ਕਿਸੇ ਦੇ ਘਰ ਜਾਣਾ ਪਿਆ। ਉੱਥੇ ਕੋਈ 30-40 ਸਰੀਰ ਬੈਠੇ ਸੀ। ਇੱਕ-ਦੋ ਲੇਡੀਜ਼ ਸਰੀਰ ਬਾਹਰੋਂ ਆਏ। ਬਾਹਰਲੇ ਸ਼ਹਿਰ ਤੋਂ ਆਏ ਸਨ। ਉਨ੍ਹਾਂ ਨੇ ਆਉਂਦਿਆਂ ਇਹ ਨਹੀਂ ਜਿਸ ਦੇ ਨਾਲ ਜ਼ਿਆਦਾ ਵਾਕਫੀ ਹੈ, ਇੱਕ-ਦੋ ਨੂੰ ਫਤਹਿ ਬੁਲਾਈ ਤੇ ਬੈਠ ਗਏ ਐਸਾ ਨਹੀਂ, ਬਲਕਿ ਉਨ੍ਹਾਂ ਨੇ ਜਿੰਨੇ ਵੀ 25-30 ਸਰੀਰ ਬੈਠੇ ਸੀ, ਸਾਰਿਆਂ ਨੂੰ ਹੀ *"ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥"* ਬੁਲਾਈ ਤੇ ਨਾਲ ਇਹ ਵੀ ਪੁੱਛਿਆ ਕਿ ਕੀ ਹਾਲ ਹੈ? ਸਾਰਿਆਂ ਨੂੰ ਫਤਹਿ ਬੁਲਾਈ। ਦਾਸ ਨੇ ਸੋਚਿਆ ਕਿ ਭਾਵੇਂ ਇਹ ਡੇਢ ਦੋ ਮਿੰਟ ਦੀ ਕਾਰਵਾਈ ਪਰ ਇੰਨੀ ਕੁ ਕਾਰਵਾਈ ਨੇ ਸਾਰਿਆਂ ਦਾ ਦਿਲ ਜਿੱਤ ਲਿਆ ਹੈ। ਕਿੰਨਾ ਮਿਲਾਪੜਾ ਸੁਭਾਅ ਹੈ ਕਿ ਕਿਵੇਂ ਸਾਰਿਆਂ ਨੂੰ ਪਿਆਰ ਨਾਲ ਫਤਹਿ ਬੁਲਾ ਕੇ ਫਿਰ ਆਪ ਬੈਠੇ ਹਨ। ਇਸ਼ਾਰਾ ਲੈਣਾ। ਆਲੇ ਦੁਆਲੇ ਵਿੱਚ, ਘਰ ਵਿੱਚ ਮਾਤਾ ਜੀ ਦੇ ਜਿਹੜੇ ਸੁਭਾਅ ਦੇ ਗੁਣ ਹਨ, ਅਸਲੀ ਤਾਂ ਇਹੀ ਸਤਿਸੰਗ ਹੈ ਕਿ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਲਿਆਈਏ। ਇਹ ਤੀਜਾ ਗੁਣ ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਦਾ ਸੀ ਕਿ ਮਿਲਾਪੜਾ ਸੁਭਾਅ ਸੀ ਤੇ **ਚੌਥਾ ਇਤਿਹਾਸਕਾਰਾਂ ਨੇ ਲਿਖਿਆ ਹੈ, ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਵਿੱਚ ਖਿਮਾਂ ਦਾ ਗੁਣ ਸੀ।** ਇਹ ਅਤਿ ਲੋੜ ਹੈ।

***ਬੁਰੇ ਨਾਲ ਸਭ ਬੁਰੀ ਕਰੇਂਦੇ,***
***ਮੁਆਫ ਕਰਨ ਕਈ ਸਿਆਣੇ।***
***ਬੁਰੇ ਨਾਲ ਵੀ ਨੇਕੀ ਕਰਨੀ,***
***ਇਹ ਗੁਰੂ ਨਾਨਕ ਜਾਣੇ।***

ਬੁਰੇ ਨਾਲ ਬੁਰੀ ਕਰ ਦਿੱਤੀ, ਤੇਰੇ ਤੇ ਉਸ ਵਿੱਚ ਫਰਕ ਕੀ ਹੋਇਆ। ਬੁਰੇ ਨੂੰ ਮਾਫ ਕਰ ਦਿੱਤਾ, ਚੰਗੀ ਗੱਲ ਕੀਤੀ ਪਰ ਗੁਰਮੁਖ ਜਨ ਇੱਕ ਪੌੜੀ ਹੋਰ ਚੜ੍ਹਾਉਂਦੇ ਹਨ, ਬੁਰੇ ਨਾਲ ਵੀ ਨੇਕੀ ਕਰਨੀ, ਇਹ ਗੁਰੂ ਨਾਨਕ ਸਾਹਿਬ ਦਾ ਮਾਰਗ ਹੈ।

ਦਾਸ ਦੀ ਸਭ ਸੰਗਤ ਨੂੰ ਬੇਨਤੀ ਹੈ। ਦਾਸ ਦੀ ਵੀ ਅਰਦਾਸ ਕਰਨਾ, ਦਾਸ ਵੀ ਪੂਰਾ ਨਹੀਂ। ਢਾਈ ਘੰਟੇ ਨਿਤਨੇਮ ਪੱਕਾ ਕਰੋ। ਡੇਢ-ਦੋ ਘੰਟੇ ਅੰਮ੍ਰਿਤ ਵੇਲੇ ਨੇਮ ਕਰਕੇ ਫਿਰ ਰਸੋਈ ਵਿੱਚ ਜਾਓ। ਹਰ ਰੋਜ਼ ਸੁਖਮਨੀ ਸਾਹਿਬ ਜੀ ਦੇ ਇੱਕ ਪਾਠ ਦੀ ਹਾਜ਼ਰੀ ਜ਼ਰੂਰ ਲਗਾਓ। ਪੰਜ ਬਾਣੀਆਂ ਨਿਤਨੇਮ, ਰਹਰਾਸਿ ਸਾਹਿਬ ਤੇ ਸੋਹਿਲਾ ਸਾਹਿਬ ਤੇ ਇਸ ਤੋਂ ਇਲਾਵਾ ਇਸ ਤਰ੍ਹਾਂ ਦਾ ਜੀਵਨ ਰੱਖੋ ਕਿ ਭਾਂਵੇਂ ਨਿਤਨੇਮ ਪੂਰਾ ਹੋ ਗਿਆ, ਪੰਜ ਬਾਣੀਆਂ। ਹੁਣ ਪੰਜ ਜਪੁਜੀ ਸਾਹਿਬ ਸਮਾਂ ਵੱਧ ਤੋਂ ਵੱਧ ਸਫਲਾ ਹੁੰਦਾ ਹੀ ਜਾਵੇ। ਹਰ ਕਿਸੇ ਦਾ ਆਪਣਾ-ਆਪਣਾ ਸੁਭਾਅ ਹੈ। ਜਿਵੇਂ-ਜਿਵੇਂ ਅਵਸਥਾ ਬਣੀ ਹੁੰਦੀ ਹੈ। ਕਈ ਵਾਰੀ ਬਾਣੀ ਵਿੱਚੋਂ ਰਸ ਆ ਰਿਹਾ ਹੁੰਦਾ ਹੈ ਤੇ ਕਈ ਵਾਰ ਬਾਣੀ ਸਿਮਰਨ ਨੂੰ ਜਗ੍ਹਾ ਦਿੰਦੀ ਹੈ। ਸਿਮਰਨ ਕਰਨ ਤੇ ਦਿਲ ਕਰਦਾ ਹੈ ਕਿ ਹੁਣ ਸਿਮਰਨ ਕਰਾਂ। ਦਾਸ ਵੀ ਬੜਾ ਚਿਰ ਦੁਚਿੱਤੀ ਵਿੱਚ ਰਿਹਾ। ਸੁਖਮਨੀ ਸਾਹਿਬ ਪੜ੍ਹਦਾ ਸਾਂ, ਹੁਣ ਸੁਖਮਨੀ ਸਾਹਿਬ ਵਿੱਚ ਨਾਮ ਹੀ ਨਾਮ ਦੀ ਵਡਿਆਈ ਹੈ। ਨਾਮ ਜਪੋ।

***ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥***
***ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥***
***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥***
***ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥***

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥*
*(ਅੰਗ ੨੬੨)*

ਦਾਸ ਫਿਰ ਗੁਰੂ ਸਾਹਿਬ ਨਾਲ ਪਿਆਰ ਨਾਲ ਅੰਦਰੋਂ ਗੱਲਾਂ ਕਰਦਾ ਹੈ ਕਿ ਬਾਬਾ ਜੀ, ਹੁਣ ਸੁਖਮਨੀ ਸਾਹਿਬ ਪੜ੍ਹਾਂ ਕਿ ਸਿਮਰਨ ਕਰਾਂ। ਸੁਖਮਨੀ ਸਾਹਿਬ ਕਹਿੰਦੀ ਹੈ, ਸਿਮਰਨ ਕਰੋ।

*ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥*
*ਹਰਿ ਸਿਮਰਨਿ ਲਗਿ ਬੇਦ ਉਪਾਏ ॥*
*ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥*
*ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥*
*ਹਰਿ ਸਿਮਰਨਿ ਧਾਰੀ ਸਭ ਧਰਨਾ ॥*
*ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥*
*ਹਰਿ ਸਿਮਰਨਿ ਕੀਓ ਸਗਲ ਅਕਾਰਾ ॥*
*ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥*
*ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥*
*ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥੮॥੧॥*
*(ਅੰਗ ੨੬੩)*

ਬੜੀ ਦੁਚਿੱਤੀ ਸੀ। ਸੁਖਮਨੀ ਸਾਹਿਬ ਪੜ੍ਹਾਂ ਕਿ ਸਿਮਰਨ ਕਰਾਂ। ਹੁਣ ਉਹ ਗੱਲ ਬੋਲਣੀ ਨਹੀਂ, ਫਿਰ ਕੋਈ ਪਰਚਾ ਨਾ ਪੈ ਜਾਵੇ। ਇਹ ਆਪੇ ਬੀਤਦੀਆਂ ਹਨ, ਰੱਬ ਦਾ ਕੰਪਿਊਟਰ ਸਿਸਟਮ ਹੈ। ਦਾਸ ਸਿਰਫ ਇਸ਼ਾਰਾ ਹੀ ਦੇ ਰਿਹਾ ਹੈ। ਕਈ ਵਾਰੀ ਬਾਣੀ ਸਿਮਰਨ ਨੂੰ ਜਗ੍ਹਾ ਦਿੰਦੀ ਹੈ। ਪੰਜ ਬਾਣੀਆਂ ਦਾ ਚੋਲਾ ਜ਼ਰੂਰ ਪਾਓ। ਰਹਰਾਸਿ ਸਾਹਿਬ, ਸੋਹਿਲਾ ਸਾਹਿਬ ਦਾ ਚੋਲਾ ਜ਼ਰੂਰ ਪਾਓ। ਸੁਖਮਨੀ ਸਾਹਿਬ ਦੇ ਇੱਕ ਪਾਠ ਦਾ ਚੋਲਾ ਜ਼ਰੂਰ ਪਾਓ। ਬਾਕੀ ਅਰਦਾਸ ਕਰਨਾ। ਦਾਸ ਇਸ਼ਾਰਾ ਹੀ ਦੇ ਰਿਹਾ ਹੈ। ਇੱਕ ਵੇਲਾ ਤੁਹਾਡੀ ਲਾਈਫ ਵਿੱਚ ਇਹ ਵੀ ਆ ਸਕਦਾ ਹੈ ਕਿ ਸੁਖਮਨੀ ਸਾਹਿਬ ਵੀ ਪੜ੍ਹਦੇ ਪਏ ਹੋ ਤੇ ਨਾਲ ਸਿਮਰਨ ਵੀ ਚਲਦਾ ਪਿਆ ਹੈ। ਇਹ ਅਲੱਗ-ਅਲੱਗ ਅਵਸਥਾਵਾਂ ਹਨ। ਸੁਖਮਨੀ ਸਾਹਿਬ ਦਾ ਇੱਕ ਪਾਠ ਜ਼ਰੂਰ ਕਰੋ। ਉਸ ਤੋਂ ਬਾਅਦ ਕਈਆਂ ਨੂੰ ਜਪੁਜੀ ਸਾਹਿਬ ਵਿੱਚ ਰਸ ਆਉਂਦਾ ਹੈ, ਉਹ ਜਪੁਜੀ ਸਾਹਿਬ ਕਰਨ। ਜਿਸ ਨੇ ਹੋਰ ਬੈਨ ਲਗਾਇਆ ਹੈ, ਉਹ ਕਰਨ। ਇੰਨਾ ਕੁ ਬਾਣੀ ਦਾ ਚੋਲਾ ਜ਼ਰੂਰ ਪਾਓ। ਪੰਜ ਬਾਣੀਆਂ, ਰਹਰਾਸਿ ਸਾਹਿਬ, ਸੋਹਿਲਾ ਸਾਹਿਬ ਤੇ ਇੱਕ ਪਾਠ ਸੁਖਮਨੀ ਸਾਹਿਬ। ਇਸ ਤੋਂ ਇਲਾਵਾ ਬਾਣੀ ਨੇ ਜਗ੍ਹਾ ਦੇ ਦਿੱਤੀ ਹੈ ਕਿ ਦਿਲ ਕਰਦਾ ਹੈ ਕਿ ਸਿਮਰਨ ਕਰਾਂ।

ਦਾਸ ਨੂੰ ਇੱਕ ਬੰਦੇ ਨੇ ਗੁਣ ਦਿੱਤਾ ਹੈ, ਦਾਸ ਬੋਲ ਦਿੰਦਾ ਹੈ। ਤੁਸੀਂ ਧਿਆਨ ਦੇਣਾ। ਜਿਹੜੀ 108 ਦਾਨਿਆਂ ਦੀ ਮਾਲਾ ਹੈ। ਇੱਕ ਸਰੀਰ ਸੀ ਤੇ ਦਾਸ ਦੀ ਉਸ ਨਾਲ ਅਧਿਆਤਮਿਕ ਸਾਂਝ ਹੋਈ। ਕਿਵੇਂ ਕਰੀਏ? ਬੈਨ ਲਗਾਇਆ ਹੈ ਕਿ ਦਸ ਪਾਠ ਜਪੁਜੀ ਸਾਹਿਬ ਹੋਰ ਕਰਨੇ ਹਨ ਨਿਤਨੇਮ ਤੋਂ ਇਲਾਵਾ, ਸੁਖਮਨੀ ਸਾਹਿਬ ਤੋਂ ਇਲਾਵਾ। ਹੁਣ ਦਸ ਪਾਠ ਜਪੁਜੀ ਸਾਹਿਬ ਦੇ ਕਰਨੇ ਹਨ ਤੇ ਦਿਲ ਕਰਦਾ ਹੈ, ਸਿਮਰਨ ਕਰਨ ਨੂੰ। ਉਸ ਨੇ ਫਿਰ ਆਖਿਆ, 108 ਦਾਣੇ ਦੀ ਮਾਲਾ ਲੈ ਲਓ ਤੇ ਇੱਕ ਦਾਣੇ ਤੇ ਅੱਠ ਵਾਰੀ ਵਾਹਿਗੁਰੂ-ਵਾਹਿਗੁਰੂ ਕਹੀ ਜਾਓ। ਫਿਰ ਅਗਲਾ ਦਾਣਾ ਤੇ ਅੱਠ ਵਾਰੀ ਫਿਰ ਵਾਹਿਗੁਰੂ-ਵਾਹਿਗੁਰੂ ਤੇ ਇੱਕ ਮਾਲਾ ਹੋ ਜਾਵੇ ਤੇ ਸਮਝ ਲਓ ਕਿ ਇੱਕ ਪਾਠ ਜਪੁਜੀ ਸਹਿਬ ਪੂਰਾ ਹੋ ਗਿਆ ਹੈ, ਅੱਖਰਾਂ ਦੇ ਹਿਸਾਬ ਨਾਲ।

ਤੁਸੀਂ ਬਾਬਾ ਨੰਦ ਸਿੰਘ ਜੀ ਦੇ ਬਚਨ ਪੜ੍ਹਦੇ ਹੋ ਕਿ ਵਾਹਿਗੁਰੂ ਸਿਮਰਨ ਦੀਆਂ 80 ਮਾਲਾ ਹੋ ਜਾਣ ਤੇ 10 ਪਾਠ ਜਪੁਜੀ ਸਾਹਿਬ ਦਾ ਮਹਾਤਮ ਹੈ। 8 ਮਾਲਾ ਹੋ ਜਾਣ ਤੇ ਇੱਕ ਪਾਠ ਹੋ ਗਿਆ। ਇੱਕ ਦਾਣੇ ਤੇ 8 ਵਾਰੀ ਬੋਲਿਆ ਕਿ ਇੱਕ ਮਾਲਾ ਤੇ ਇੱਕ ਪਾਠ ਜਪੁਜੀ ਸਾਹਿਬ ਦਾ ਮਹਾਤਮ ਬਣ

ਗਿਆ। ਦਾਸ ਲਫਜ਼ ਮਹਾਤਮ ਬੋਲ ਰਿਹਾ ਹੈ, ਹੋਰ ਕੋਈ ਦੂਜੀ ਗੱਲ ਨਹੀਂ। ਤੁਸੀਂ ਜੇ ਬਾਣੀ ਤੋਂ ਸਿਮਰਨ ਤੇ ਆ ਗਏ ਹੋ ਤੇ ਜਿੰਨੀ ਕੁ ਬਾਣੀ ਬੋਲੀ, ਉਹ ਜ਼ਰੂਰ ਨਿਤਨੇਮ ਨੂੰ ਅਧਾਰ ਬਣਾ ਕੇ ਕਰੋ। ਪਰ ਜੇ ਬਾਣੀ ਸਿਮਰਨ ਨੂੰ ਜਗ੍ਹਾ ਦਿੰਦੀ ਹੈ, ਹੁਣ ਅਸੀਂ ਬੈਨ ਲਗਾਇਆ ਹੈ ਕਿ ਅੱਜ 25 ਪਾਠ ਜਪੁਜੀ ਸਾਹਿਬ ਦੇ ਕਰਨੇ ਹਨ। 10 ਪਾਠ ਜਪੁਜੀ ਸਾਹਿਬ ਦੇ ਕਰਨੇ ਹਨ ਪਰ ਦਿਲ ਕਰਦਾ ਹੈ ਕਿ ਸਿਮਰਨ ਕਰਨ ਤੇ। ਇੱਕ ਦਾਣੇ ਤੇ 8 ਵਾਰੀ ਵਾਹਿਗੁਰੂ ਕਰੋ। ਫਿਰ ਦੂਜਾ ਦਾਣਾ ਫੜੋ। ਹੌਲੀ-ਹੌਲੀ ਆਪਣੇ ਆਪ ਚੱਲ ਪਵੇਗਾ। ਤੁਰੀ ਜਾਵੇਗਾ। ਇੱਕ ਮਾਲਾ ਪੂਰੀ ਹੋ ਗਈ ਤੇ ਇੱਕ ਪਾਠ ਜਪੁਜੀ ਸਾਹਿਬ ਦਾ ਮਹਾਤਮ ਬਣ ਗਿਆ। ਦੂਜੀ ਮਾਲਾ ਪੂਰੀ ਹੋ ਗਈ ਤੇ ਦੋ ਪਾਠਾਂ ਦਾ ਮਹਾਤਮ ਬਣ ਗਿਆ। ਤੁਹਾਡਾ ਜੋ ਨੇਮ ਹੈ ਕਿ ਇੰਨੇ ਪਾਠ ਜਪੁਜੀ ਸਾਹਿਬ ਦੇ ਕਰਨੇ ਹਨ, ਇਹ ਗੱਲ ਵੀ ਤੁਹਾਡੀ ਪੂਰੀ ਹੋਈ ਜਾਵੇਗੀ ਤੇ ਤੁਹਾਨੂੰ ਜਿੱਥੇ ਰਸ ਆ ਚੁੱਕਾ ਹੈ, ਉਸ ਰਸ ਨੂੰ ਵੀ ਮਾਣੋਗੇ। ਉਸ ਰਸ ਨੂੰ ਪ੍ਰਾਪਤ ਕਰੋ ਤੇ ਫਿਰ ਰਸ ਨੂੰ ਮਾਣੋ, ਗੁਰੂ ਸਾਹਿਬ ਦੀ ਕਿਰਪਾ ਨਾਲ, ਬਖਸ਼ਿਸ਼ ਨਾਲ, ਰਹਿਮਤ ਨਾਲ।

ਇਹ ਸਾਰੀ ਸੰਗਤ ਨੂੰ ਬੇਨਤੀ ਹੈ, ਜੋ ਤੁਸੀਂ ਢਾਈ ਘੰਟੇ ਘੱਟ ਤੋਂ ਘੱਟ ਨੇਮ ਬਣਾਇਆ ਹੈ। ਉਸ ਵਿੱਚੋਂ ਘੱਟੋ-ਘੱਟ ਡੇਢ ਘੰਟਾ ਅੰਮ੍ਰਿਤ ਵੇਲੇ ਕਰਕੇ, ਇੰਨਾ ਕਰਕੇ ਫਿਰ ਕੁਝ ਨਾਸ਼ਤਾ ਪਾਣੀ ਲੈ ਸਕਦੇ ਹੋ। ਇੱਕ ਦੂਜੀ ਬੇਨਤੀ ਹੈ ਕਿ ਰਸੋਈ ਵਿੱਚ ਵੜ੍ਹ ਗਏ ਹੋ ਜਾਂ ਆਟਾ ਗੁੰਨ ਰਹੇ ਹੋ ਜਾਂ ਪੋਚਾ ਮਾਰ ਰਹੇ ਹੋ ਜਾਂ ਪਰਸ਼ਾਦੇ ਪਕਾ ਰਹੇ ਹੋ, ਨਿਤਨੇਮ ਕਰ ਚੁੱਕੇ ਹੋ, ਡੇਢ ਦੋ ਘੰਟੇ ਤੁਸੀਂ। ਹੁਣ ਦੂਜੀ ਚੀਜ਼ ਵਿੱਚ ਸਾਵਧਾਨੀ ਲਿਆਓ ਕਿ ਆਟਾ ਗੁੰਨਦਿਆਂ ਵੀ ਕਲਗੀਧਰ ਪਿਤਾ ਜੀ ਦੇ ਚਰਨਾਂ ਦਾ ਧਿਆਨ ਤੇ ਵਾਹਿਗੁਰੂ ਸ਼ਬਦ ਵਿਸਰੇ ਨਾ। ਕੰਮ ਕਰਦਿਆਂ ਵੀ ਵਿਸਰੇ ਨਾ। ਥੋੜ੍ਹਾ-ਥੋੜ੍ਹਾ ਯਤਨ ਕਰੀ ਜਾਓ। ਕਿਤੇ ਚਲੋਗੇ, ਕਿਤੇ ਰੁਕੋਗੇ। ਇੱਕ ਦਿਨ ਆ ਜਾਵੇਗਾ, ਗੁਰੂ ਸਾਹਿਬ ਪੱਕਾ ਹੀ ਚਲਾ ਦੇਣਗੇ। ਤੀਜਾ, ਹੁਣ ਉੱਥੇ ਹੀ ਆਉਣਾ ਹੈ, ਮਾਤਾ ਜੀ ਦੇ ਸੁਭਾਅ ਤੇ। ਤੀਜਾ ਗੁਣ ਆਪਣੀ ਜ਼ਿੰਦਗੀ ਵਿੱਚ ਵੀ ਲਿਆਓ। ਦਾਸ ਦੀ ਵੀ ਅਰਦਾਸ ਕਰਨਾ। ਇੱਕ ਗੁਰੂ ਸਾਹਿਬ ਦੀ ਕਿਰਪਾ ਨਾਲ ਅੰਦਰ ਗੱਲ ਭਰੀ ਹੋਵੇ, ਉਹ ਕੀ? ਹੁਣ ਦਿਨ ਚੜ੍ਹਿਆ ਹੈ, ਜੋ ਨੇਮ ਕਰਨਾ ਹੈ, ਕਰ ਲਿਆ ਹੈ। ਹੁਣ ਘਰੋਂ ਨਿਕਲਣ ਲੱਗਾ ਹੈਂ ਜਾਂ ਫੋਨ ਅਟੈਂਡ ਕਰਨ ਲੱਗਾ ਹੈਂ ਜਾਂ ਕੁਝ ਵੀ ਕਰਨ ਲੱਗਾ ਹੈਂ, ਹੁਣ ਇਹੋ ਜਿਹੇ ਸੁਭਾਅ ਨਾਲ ਫੋਨ ਅਟੈਂਡ ਹੋਣ। ਇਹੋ ਜਿਹੇ ਸੁਭਾਅ ਨਾਲ ਘਰੋਂ ਨਿਕਲ, ਇਹੋ ਜਿਹੇ ਹਿਸਾਬ ਨਾਲ ਦਿਨੇ ਵਿਚਰ ਕਿ ਤੇਰੇ ਕੋਲੋਂ ਇੱਕ ਬੰਦਾ ਵੀ ਦੁਖੀ ਨਾ ਹੋਵੇ। ਤੂੰ ਕੁਝ ਨਾ ਕੁਝ ਕਿਸੇ ਦਾ ਸੰਵਾਰੇਂ। ਜ਼ਬਾਨ ਰਾਹੀਂ ਸੰਵਾਰੇ। ਮਾਇਆ ਰਾਹੀਂ ਸੰਵਾਰੇ। ਪਰ ਤੇਰਾ ਯਤਨ ਹੋਵੇ ਕਿ ਨਿਤਨੇਮ, ਬੰਦਗੀ ਕਰਕੇ ਘਰੋਂ ਨਿਕਲਿਆ ਹਾਂ, ਪਰ ਹੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮੇਰਾ ਸੁਭਾਅ ਇਹੋ ਜਿਹਾ ਮਿਲਾਪੜਾ ਬਣਾ ਦਿਉ, ਅੱਜ ਸਾਰਾ ਦਿਨ ਜਿਨ੍ਹਾਂ ਨੇ ਵੀ ਮਿਲਣਾ ਹੈ, ਗਰੀਬ ਨਿਵਾਜ! ਉਹ ਮੇਰੇ ਤੋਂ ਦੁਖੀ ਹੋ ਕੇ ਨਾ ਜਾਣ, ਪਰੇਸ਼ਾਨ ਹੋ ਕੇ ਨਾ ਜਾਣ, ਨਿਰਾਸ਼ ਹੋ ਕੇ ਨਾ ਜਾਣ। ਬੰਦਾ ਖੁਸ਼ ਤਾਂ ਸਭ ਨੂੰ ਨਹੀਂ ਕਰ ਸਕਦਾ ਪਰ ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕਹਿੰਦਾ ਹੈ, ਤੁਸੀਂ ਥੋੜ੍ਹਾ-ਥੋੜ੍ਹਾ ਇਹ ਸੁਭਾਅ ਰੱਖੋਗੇ, ਸਾਧ ਸੰਗਤ ਜੀ, ਜਿੱਥੋਂ ਲੰਘ ਜਾਓਗੇ, ਲੋਕ ਕਹਿਣਗੇ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸਿੱਖ ਜਾ ਰਿਹਾ ਹੈ। ਗੁਰੂ ਕਲਗੀਧਰ ਪਿਤਾ ਜੀ ਦਾ ਬੱਚਾ ਜਾ ਰਿਹਾ ਹੈ। ਇਸ ਤਰ੍ਹਾਂ ਦਾ ਸੁਭਾਅ ਜ਼ਿੰਦਗੀ ਵਿੱਚ ਲਿਆਓ। ਇਹ ਮਾਤਾ ਸਾਹਿਬ ਕੌਰ ਜੀ ਦੇ ਸੁਭਾਅ ਦਾ ਚੌਥਾ ਗੁਣ, ਖਿਮਾਂ ਵਾਲਾ ਸੁਭਾਅ। ਕਿਸੇ ਨੂੰ ਖਿਮਾਂ ਕਰ ਦੇਣਾ।

ਚੱਲ ਹੋ ਗਈ ਗੱਲ ਤੇ ਕੋਈ ਗੱਲ ਨਹੀਂ। ਬੜੀ ਸ਼ਾਂਤੀ ਹੈ। ਜਿਸ ਦਿਨ ਖਿਮਾਂ ਦਾ ਸੁਭਾਅ ਅੰਦਰ ਆ ਜਾਵੇਗਾ ਫਿਰ ਬੜੀ ਸ਼ਾਂਤੀ ਵਰਤ ਜਾਵੇਗੀ :

***ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥੧੫੫***

*(ਅੰਗ ੧੩੭੨)*

ਜਿੱਥੇ ਖਿਮਾਂ ਆ ਜਾਵੇਗੀ ਉੱਥੇ ਰੱਬ ਆਪ ਆ ਜਾਵੇਗਾ। ਬੜਾ ਇਸ ਵਿੱਚ ਅਨੰਦ ਹੈ। ਕਿਸੇ ਵਾਸਤੇ ਬਹੁਤੀਆਂ ਪੱਕੀਆਂ ਗੰਢਾਂ ਨਾ ਪਾਓ। ਕਿਸੇ ਰਿਸ਼ਤੇਦਾਰ ਲਈ, ਘਰੇਲੂ ਮੈਂਬਰ ਲਈ, ਆਂਢੀਂ-ਗੁਆਂਢੀਂ ਲਈ, ਆਲੇ-ਦੁਆਲੇ ਉਸ ਲਈ ਇਹੋ ਜਿਹੀਆਂ ਈਰਖਾ-ਵੈਰ ਦੀਆਂ ਪੱਕੀਆਂ ਗੰਢਾਂ ਨਾ ਪਾਓ ਕਿ ਇਸ ਨੂੰ ਮੈਂ ਅੱਜ ਤੋਂ ਬਾਅਦ ਸਾਰੀ ਜ਼ਿੰਦਗੀ ਫਤਹਿ ਬੁਲਾਉਣੀ ਹੀ ਨਹੀਂ। ਖਿਮਾਂ ਦਾ ਸੁਭਾਅ ਰੱਖੋ। ਖਿਮਾਂ ਕਰ ਦੇਣਾ। ਇਹ ਮਾਤਾ ਸਾਹਿਬ ਕੌਰ ਜੀ ਦਾ ਚੌਥਾ ਸੁਭਾਅ ਦਾ ਗੁਣ ਸੀ ਤੇ **ਪੰਜਵਾਂ ਗੁਣ ਸੁਭਾਅ ਦਾ ਕਿ ਮਾਤਾ ਜੀ ਬਚਪਨ ਤੋਂ ਹੀ ਬੰਦਗੀ ਦੀ ਮੂਰਤ ਸਨ।** ਬੰਦਗੀ ਵਿੱਚ ਹੀ ਲੀਨ ਰਹਿੰਦੇ ਸਨ।

ਦਾਸ ਸੱਚ ਕਹਿ ਰਿਹਾ ਹੈ ਕਿ ਦਾਸ ਨੂੰ ਅੱਜ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ, ਜਿਵੇਂ ਅੱਜ ਦਾ ਕੀਰਤਨ ਮਾਤਾ ਸਾਹਿਬ ਕੌਰ ਜੀ ਆਪਣੀ ਗੋਦੀ ਵਿੱਚ ਹੀ ਬੈਠਾ ਕੇ ਹੀ ਕਰਵਾ ਰਹੇ ਹਨ। ਬੜੇ ਤਕੜੇ ਵਿਚੋਲੇ ਹਨ। ਫੜ੍ਹ ਲਓ ਚਰਨ ਵਿਚੋਲੇ ਦੇ। ਦਾਸ ਕਹਿੰਦਾ ਹੈ, ਲੱਖ ਗਲਤੀਆਂ ਹੋ ਜਾਣ, ਬੱਚਿਆਂ ਕੋਲੋਂ। ਪਿਓ ਲੱਖ ਵਾਰੀ ਨਰਾਜ਼ ਹੋ ਜਾਵੇ, ਜਦੋਂ ਮਾਂ ਕਹਿੰਦੀ ਹੈ, ਪਿਤਾ ਨੂੰ ਕਿ ਚਲੋ ਕੋਈ ਨਹੀਂ, ਬੱਚਾ ਹੀ ਹੈ ਤੇ ਪਿਓ ਵੀ ਨਰਮ ਹੋ ਜਾਂਦਾ ਹੈ। ਸਾਡੇ ਵਿਚੋਲੇ ਹਨ, ਮਾਤਾ ਸਾਹਿਬ ਕੌਰ ਜੀ।

ਇੱਕ ਵਾਰੀ ਦਾਸ ਬੜਾ ਪਰੇਸ਼ਾਨ। ਕੀਰਤਨ ਸੀ ਦਿੱਲੀ। ਦਾਸ ਨੂੰ ਉੱਥੇ ਭਾਈ ਕੰਵਲਜੀਤ ਸਿੰਘ ਲੈਣ ਆਉਂਦੇ ਹਨ। ਪਹਿਲਾਂ ਕਿਸੇ ਦੇ ਘਰ ਨਹੀਂ ਜਾਈਦਾ ਤੇ ਗੁਰਦੁਆਰਾ ਸਾਹਿਬ ਜਾਈਦਾ ਹੈ। ਦਿੱਲੀ ਗੁਰਦੁਆਰਾ ਸਾਹਿਬ ਹੈ, ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰੀ ਜੀ ਦਾ। ਉਹ ਮੈਨੂੰ ਉਸ ਗੁਰਦੁਆਰਾ ਸਾਹਿਬ ਲੈ ਗਏ ਤੇ ਜਦੋਂ ਉੱਥੇ ਦਾਸ ਬੈਠਾ, ਮਨ ਵਿੱਚ ਵਿਚਾਰ ਆਈ ਕਿ ਕਿੰਨਾ ਚੰਗਾ ਸਮਾਂ ਬਣ ਗਿਆ ਹੈ ਕਿ ਆਪਣੀ ਮਾਤਾ ਜੀ ਦੇ ਚਰਨਾਂ ਵਿੱਚ ਆਏ ਹਾਂ। ਦਾਸ ਨੇ ਕਿਹਾ ਕਿ ਹੁਣ ਸਭ ਪਰੇਸ਼ਾਨੀਆਂ ਮਾਂ ਦੇ ਚਰਨਾਂ ਵਿੱਚ। ਅਸੀਂ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਦਾਸ ਨੇ ਬੇਨਤੀ ਕੀਤੀ ਕਿ ਹੁਣ ਸਾਰੀਆਂ ਪਰੇਸ਼ਾਨੀਆਂ ਮਾਤਾ ਜੀ, ਤੁਸੀਂ ਆਪਣੇ ਚਰਨਾਂ ਵਿੱਚ ਲੈ ਲਓ। ਕੁਦਰਤੀ ਹੀ ਗੁਰਦੁਆਰਾ ਸਾਹਿਬ ਵੀ ਉਹ ਮਿਲ ਗਿਆ ਹੈ ਜਿੱਥੇ ਮਾਤਾ ਸਾਹਿਬ ਕੌਰ ਜੀ ਦੇ ਚਰਨ ਪਏ ਤੇ ਅਖੀਰਲਾ ਸਮਾਂ ਬਤੀਤ ਹੋਇਆ ਹੈ। ਦਾਸ ਨੇ ਬੇਨਤੀ ਕਿ ਹੁਣ ਕਲਗੀਧਰ ਪਿਤਾ ਜੀ ਨੂੰ ਸਿਫਾਰਸ਼ ਪਾਓ ਕਿ ਸ਼ਹੀਦ ਸਿੰਘ ਭੇਜਣ, ਇਹ ਪਰੇਸ਼ਾਨੀ ਹੈ। ਸੰਗਤ ਜੀ, ਅੱਧੇ ਘੰਟੇ ਬਾਅਦ ਉੱਥੋਂ ਨਿਕਲੇ, ਗੱਲਾਂ ਕਈ ਵਾਰ ਪਿਆਰ ਵਿੱਚ ਨਿਕਲ ਜਾਂਦੀਆਂ ਹਨ, ਜੋ ਫਿਰ ਖੁਸ਼ੀ ਦੇ ਫੋਨ ਤੇ ਮਨ ਵਿੱਚ ਇੱਕ ਖਿਆਲ ਆ ਗਿਆ ਕਿ ਮਾਤਾ ਸਾਹਿਬ ਕੌਰ ਜੀ ਨੂੰ ਅੱਜ ਵਿਚੋਲਾ ਪਾਇਆ ਹੈ। ਮਾਤਾ ਜੀ ਸਾਡੇ ਤਕੜੇ ਵਿਚੋਲੇ ਹਨ। ਉਨ੍ਹਾਂ ਨੇ ਕਲਗੀਧਰ ਪਿਤਾ ਜੀ ਦੀਆਂ ਖੁਸ਼ੀਆਂ ਲਈਆਂ ਹਨ। ਉਨ੍ਹਾਂ ਸਾਰੀ ਜ਼ਿੰਦਗੀ ਬੰਦਗੀ ਕੀਤੀ ਹੈ। ਇਹ ਪੰਜਵਾਂ ਗੁਣ ਵੀ ਲਿਆਓ।

ਤੁਹਾਨੂੰ ਲੱਖ ਲੋਕ ਕਹਿਣ ਕਿ ਪਾਠਾਂ ਦੀ ਗਿਣਤੀ ਕਿਉਂ ਕਰਦੇ ਹੋ? ਬਿਲਕੁਲ ਨਾ ਡਰਿਓ। ਲੱਖ ਲੋਕ ਕਹਿਣ ਕਿ ਗਿਣਤੀ ਦੀ ਕੀ ਲੋੜ ਹੈ? ਇੰਨਾ ਵਾਹਿਗੁਰੂ ਸਿਮਰਨ, ਸਹਿਜ ਪਾਠ, ਜਪੁਜੀ ਸਾਹਿਬ ਦੇ ਪਾਠ। ਇਹ ਸਾਧ ਸੰਗਤ ਜੀ, ਸਾਡੇ ਇਤਿਹਾਸ ਹਨ। ਇੱਕ ਦਿਨ ਭਾਈ ਪਿੰਦਰਪਾਲ

ਸਿੰਘ ਜੀ ਕਥਾ ਕਰ ਰਹੇ ਸੀ ਤੇ ਉਨ੍ਹਾਂ ਆਪਣੀ ਕਥਾ ਵਿੱਚ ਬੋਲਿਆ, ਕਹਿੰਦੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਪ੍ਰਚਾਰ ਕਰਨ ਤੋਂ ਪਹਿਲਾਂ ਗੋਦਾਵਰੀ ਨਦੀ ਦੇ ਕੰਢੇ ਤੇ ਸਵਾ ਲੱਖ ਪਾਠ ਜਪੁਜੀ ਸਾਹਿਬ ਜੀ ਦੇ ਕੀਤੇ, ਤਖ਼ਤ ਸ੍ਰੀ ਹਜ਼ੂਰ ਸਹਿਬ। ਉਦੋਂ ਮਹਾਂਪੁਰਸ਼ਾਂ ਕੋਲ ਪੈਨ ਵੀ ਨਹੀਂ ਸੀ, ਕਾਗਜ਼ ਵੀ ਨਹੀਂ ਸੀ। ਬੱਜਰੀ ਦੇ ਦਾਣਿਆਂ ਨਾਲ ਗਿਣਤੀ ਕਰਦੇ ਸੀ। ਜਿੰਨੇ ਪਾਠ ਕਰਨੇ, ਬੱਜਰੀ ਦੇ ਦਾਣਿਆਂ ਨਾਲ ਗਿਣਤੀ ਕਰਨੀ। ਇਹ ਭਾਈ ਪਿੰਦਰਪਾਲ ਸਿੰਘ ਜੀ ਨੇ ਬਚਨ ਸੁਣਾਇਆ, ਸਵਾ ਲੱਖ ਪਾਠ ਜਪੁਜੀ ਸਾਹਿਬ, ਗੁਰਦੁਆਰਾ ਸ਼ਿਕਾਰ ਘਾਟ ਸਾਹਿਬ (ਤਖ਼ਤ ਸ੍ਰੀ ਹਜ਼ੂਰ ਸਾਹਿਬ), ਸੰਤ ਅਤਰ ਸਿੰਘ ਜੀ ਨੇ ਉੱਥੇ ਵੀ ਸਵਾ ਲੱਖ ਮੂਲ ਮੰਤਰ ਜਾਪ ਦੀ ਹਾਜ਼ਰੀ ਲਗਾਈ। ਗੁਰਦੁਆਰਾ ਨਗੀਨਾ ਘਾਟ ਸਾਹਿਬ, ਉੱਥੇ ਵੀ ਸੰਤ ਅਤਰ ਸਿੰਘ ਜੀ ਨੇ 25 ਹਜ਼ਾਰ ਪਾਠ ਜਪੁਜੀ ਸਾਹਿਬ ਜੀ ਦੀ ਹਾਜ਼ਰੀ ਲਗਾਈ। ਫਿਰ ਆ ਗਏ ਗੁ: ਸ਼ਿਕਾਰ ਘਾਟ ਸਾਹਿਬ ਤੇ ਇਹ ਸ਼ਬਦ:

***ਚਾਚਰੀ ਛੰਦ ॥ ਤ੍ਵਪ੍ਰਸਾਦਿ ॥***

***ਗੋਬਿੰਦੇ ॥ ਮੁਕੰਦੇ ॥ ਉਦਾਰੇ ॥ ਅਪਾਰੇ ॥੯੪॥***
***ਹਰੀਅੰ ॥ ਕਰੀਅੰ ॥ ਨ੍ਰਿਨਾਮੇ ॥ ਅਕਾਮੇ ॥੯੫॥***

***(ਸ੍ਰੀ ਜਾਪੁ ਸਾਹਿਬ)***

ਸਵਾ ਲੱਖ ਇਸ ਪਾਠ ਦੀ ਹਾਜ਼ਰੀ ਲਗਾਈ। ਫਿਰ ਮਹਾਂਪੁਰਸ਼ ਅਗਲੇ ਗੁਰਦੁਆਰਾ ਸਾਹਿਬ ਗਏ ਤੇ ਉੱਥੇ :

***ਗਉੜੀ ਮਹਲਾ ੫ ॥***
***ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥***
***ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥ ਰਹਾਉ ॥***

***(ਅੰਗ ੨੦੧)***

ਇਸ ਸ਼ਬਦ ਦੀ ਸਵਾ ਲੱਖ ਜਾਪ ਦੀ ਹਾਜ਼ਰੀ ਲਗਾਈ। ਇਸ਼ਾਰਾ ਲੈਣਾ। ਉਨ੍ਹਾਂ ਨੇ ਬਚਨ ਸੁਣਾਇਆ, ਇਹ ਜੀਵਨ ਸੀ ਕਿ ਪਹਿਲਾਂ ਇੰਨੀ ਬੰਦਗੀ ਕੀਤੀ, ਕਲਗੀਧਰ ਪਿਤਾ ਜੀ ਨੂੰ ਰਿਝਾਇਆ ਤੇ ਫਿਰ ਪ੍ਰਚਾਰ ਸ਼ੁਰੂ ਕੀਤਾ। ਕਹਿੰਦੇ ਅੱਜ ਕੱਲ੍ਹ ਕੀ ਹੁੰਦਾ ਹੈ ਕਿ ਬੰਦੇ ਕੋਲ ਕੋਈ ਬੰਦਗੀ ਨਹੀਂ ਹੁੰਦੀ ਤੇ ਪ੍ਰਚਾਰ ਕਰਨ ਤੁਰ ਪੈਂਦਾ ਹੈ ਤੇ ਦਸ ਸਾਲ ਬਾਅਦ ਪੁੱਛਦਾ ਹੈ, ਕਿਸੇ ਨੂੰ। ਨਾਮ ਦਾ ਰਸ ਕੀ ਹੁੰਦਾ ਹੈ? ਦਸ ਸਾਲ ਆਪ ਪ੍ਰਚਾਰ ਕਰਦਿਆਂ ਹੋ ਗਏ ਹਨ ਪਰ ਨਾਮ ਦਾ ਰਸ ਨਹੀਂ ਪਤਾ। ਕਿਤਾਬੀ ਪੜ੍ਹਾਈ ਹੈ। ਇਹ ਜਿਹੜੀ ਗਿਣਤੀ ਵੀ ਕਰਦੇ ਹੋ, ਚੌਕੜੇ ਮਾਰਦੇ ਹੋ, ਦੂਸਰਿਆਂ ਨੂੰ ਜੋੜਦੇ ਹਨ, ਜਿੰਨੇ ਸੰਤ ਮਹਾਂਪੁਰਸ਼, ਇਹ ਸਭਨਾਂ ਨੇ ਕਾਰਜ ਕੀਤੇ। ਅਗਲੇ ਅੰਕ ਵਿੱਚ ਹੁਣ ਸਾਂਝਾ ਕਰਾਂਗੇ ਕਿ ਮਾਤਾ ਸਾਹਿਬ ਕੌਰ ਜੀ ਦਾ ਕਿੰਨਾ ਚੌਕੜਾ ਸੀ, ਕਿੰਨੇ ਵਜੇ ਉੱਠਦੇ ਸੀ, ਕਿੰਨੇ ਵਜੇ ਇਸ਼ਨਾਨ ਕਰਦੇ ਸੀ।

ਦਾਸ ਅਜੇ ਬਚਪਨ ਦੀ ਗੱਲ ਕਰ ਰਿਹਾ ਹੈ। ਅਜੇ ਮਾਤਾ ਸਾਹਿਬ ਕੌਰ ਜੀ ਕਲਗੀਧਰ ਪਿਤਾ ਜੀ ਕੋਲ ਨਹੀਂ ਆਏ। ਇਨ੍ਹਾਂ ਦਾ ਪਿਛਲਾ ਜਨਮ ਕੀ ਸੀ, ਕੌਣ ਸਨ। ਮਾਤਾ ਸਾਹਿਬ ਕੌਰ ਜੀ ਨੂੰ ਆਪਣਾ ਪਿਛਲਾ ਜਨਮ ਯਾਦ ਵੀ ਸੀ, ਜੋ ਰਾਈਟਰਾਂ ਨੇ ਲਿਖਿਆ ਹੈ। ਅਗਲੇ ਅੰਕ ਵਿੱਚ ਗੁਰੂ ਸਾਹਿਬ ਸੇਵਾ ਲੈਣ ਜੀ। ਇਹ ਪੰਜਵਾਂ ਗੁਣ, ਬੰਦਗੀ ਦਾ ਚੌਕੜਾ ਸੀ ਮਾਤਾ ਜੀ ਦਾ ਬਚਪਨ ਤੋਂ ਹੀ। ਬੰਦਗੀ ਦੀ ਮੂਰਤ ਸਨ, ਮਾਤਾ ਸਾਹਿਬ ਕੌਰ ਜੀ। ਬੰਦਗੀ ਨਾਲ ਇਕਮਿਕ ਸਨ, ਮਾਤਾ ਸਾਹਿਬ ਕੌਰ ਜੀ। ਵੇਖੋ ਬੀਬੀਆਂ ਦਾ ਜੀਵਨ, ਵੇਖੋ ਸਾਡੀਆਂ ਸਿੱਖ ਪੰਥ ਦੀਆਂ ਸਤਿਕਾਰਤ ਮਾਤਾਵਾਂ ਦਾ ਜੀਵਨ, ਇਨ੍ਹਾਂ ਨੂੰ ਮੰਦਾ ਨਾ ਕਹੀਂ। ਪਿਆਰ ਨਾਲ ਪੜ੍ਹੋ ਜੀ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

***(ਅੰਗ ੪੭੩)***

***—ਅਗਲੇ ਅੰਕ ਵਿੱਚ ਤੇਰ੍ਹਵਾਂ ਭਾਗ ਪੜ੍ਹੋ ਜੀ।***

❀❀❀

# "ਸਵਾਲ ਜਵਾਬ" ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ 'ਸਿਫਤਿ ਸਾਲਾਹ ਰਸਾਲੇ' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇਂ-ਸਮੇਂ ਤੇ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ ਤਾਂ ਕਿ ਗੁਰਮਤਿ ਅਨੁਸਾਰ ਉਨ੍ਹਾਂ ਪ੍ਰਸ਼ਨਾਂ ਦਾ, ਉਨ੍ਹਾਂ ਸੰਸਿਆਂ ਦਾ ਨਿਵਾਰਨ ਕੀਤਾ ਜਾ ਸਕੇ ਅਤੇ ਜ਼ਿੰਦਗੀ ਦੀਆਂ ਬਰੀਕੀਆਂ ਨਿਕਲ ਸਕਣ। ਇਸੇ ਕਾਲਮ ਦੀ ਲੜੀ ਨੂੰ ਅੱਗੇ ਤੋਰਦਿਆਂ ਹੱਥਲੇ ਅੰਕ ਤੋਂ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਦੱਸਦੇ ਹਨ।

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**474. ਸਵਾਲ : ਸਤਿਕਾਰਯੋਗ ਵੀਰ ਜੀ, ਚੰਗਾ ਸੰਗ ਕਿਉਂ ਜ਼ਰੂਰੀ ਹੈ ਤੇ ਮਾੜੇ ਸੰਗ ਤੋਂ ਕਿਵੇਂ ਬਚਿਆ ਜਾਵੇ?**

**ਜਵਾਬ :** ਚੰਗਾ ਸੰਗ ਬਹੁਤ ਜ਼ਰੂਰੀ ਹੈ। ਜਦੋਂ ਵੀ ਜੀਵਨ ਉੱਚਾ ਜਾਂਦਾ ਹੈ ਚੰਗੀ ਸੰਗਤ ਕਰਨ ਨਾਲ ਤੇ ਜਦੋਂ ਵੀ ਜੀਵਨ ਡਿੱਗੇਗਾ ਮਾੜੇ ਸੰਗ ਕਰਨ ਨਾਲ। ਸਤਿਗੁਰੂ ਜੀ ਗੁਰਬਾਣੀ ਵਿੱਚ ਫਰਮਾਉਂਦੇ ਹਨ ਚੰਗੇ ਸੰਗ ਨਾਲ ਕੀ ਹੁੰਦਾ ਹੈ :

***ਸੰਤਸੰਗਿ ਪਾਵੈ ਜੋ ਨਾਨਕ***
***ਤਿਸੁ ਬਹੁਰਿ ਨ ਹੋਈ ਹੈ ਫੇਰਾ ॥੨॥੩॥੪॥***

*(ਅੰਗ ੭੦੦)*

***ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥***

*(ਅੰਗ ੧੦)*

ਸੰਗਤ ਕਿੰਨੀ ਜ਼ਰੂਰੀ ਹੈ। ਇਹ ਅਰਦਾਸ ਕਰਿਆ ਕਰੋ :

***ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ***
***ਤੇਰਾ ਨਾਮ ਚਿਤ ਆਵੈ ॥***

ਹੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ! ਮੇਰਾ ਉਨ੍ਹਾਂ ਨਾਲ ਮੇਲ ਕਰਾਈਂ ਜਿਨ੍ਹਾਂ ਨੂੰ ਮਿਲਣ ਨਾਲ ਤੇਰਾ ਨਾਮ ਚਿੱਤ ਆਵੇ। ਕਿਤੇ ਉਨ੍ਹਾਂ ਦਾ ਸੰਗ ਨਾ ਹੋ ਜਾਵੇ, ਜਿਨ੍ਹਾਂ ਨੂੰ ਮਿਲਣ ਨਾਲ ਆਪ ਜੀ ਵਿਸਰ ਜਾਓ।

ਇੱਥੇ ਦਾਸ ਨੂੰ ਇੱਕ ਪੁਰਾਣਾ ਜ਼ਿਕਰ ਯਾਦ ਆ ਗਿਆ ਜੋ ਤੁਹਾਡੇ ਨਾਲ ਸਾਂਝਾ ਕਰਨ ਲੱਗਾ ਹਾਂ। ਸੰਗਤ ਦਾ ਹੀ ਇੱਕ ਬੱਚਾ। ਕਿਤੇ ਵੱਡੀ ਪੜ੍ਹਾਈ ਲਈ ਬਾਹਰ ਦਾਖਲਾ ਮਿਲਿਆ। ਉੱਥੇ ਹੀ ਹੋਸਟਲ ਵਿੱਚ ਰਹਿਣਾ ਸੀ। ਹੁਣ ਜਿਸ ਹੋਸਟਲ ਵਿੱਚ ਬੱਚੇ ਨੂੰ ਕਮਰਾ ਮਿਲਿਆ, ਉਸ ਕਮਰੇ ਵਿੱਚ ਹੋਰ ਵੀ ਬੱਚੇ ਤੇ ਉਸ ਕਮਰੇ ਦੇ ਬੱਚੇ ਮੀਟ ਖਾਂਦੇ ਸਨ।

ਉਸ ਬੱਚੇ ਦਾ ਦਾਸ ਨੂੰ ਫੋਨ ਆਇਆ। ਕਹਿਣ ਲੱਗਾ, ਇਸ ਤਰ੍ਹਾਂ ਹੋਸਟਲ ਵਿੱਚ ਮੈਨੂੰ ਜਿਹੜਾ ਕਮਰਾ ਮਿਲਿਆ ਹੈ, ਉਸ ਕਮਰੇ ਵਿੱਚ ਹੋਰ ਵੀ ਬੱਚੇ ਹਨ ਜਿਹੜੇ ਕਿ ਮੀਟ ਖਾਂਦੇ ਹਨ। ਬੱਚਾ ਕਹਿੰਦਾ, ਹੋਸਟਲ ਵਿੱਚ ਰਹਿਣਾ ਵੀ ਜ਼ਰੂਰੀ ਹੈ। ਹੋਸਟਲ ਵਿੱਚ ਲੜਕੇ ਉਹ ਸਾਰੇ ਮੀਟ ਖਾਂਦੇ ਹਨ। ਉਹ ਬੱਚਾ ਕਹਿੰਦਾ ਮੈਂ ਕੀ ਕਰੇ? ਦਾਸ ਨੇ ਆਖਿਆ ਕੋਈ ਗੱਲ ਨਹੀਂ ਘਬਰਾ ਨਾ ਸਾਡੇ ਕੋਲ ਇੱਕ ਟੇਕ

ਹੈ। ਕਿਹੜੀ ਟੇਕ?

***ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥***
***(ਅੰਗ ੯੮੨)***

ਇਹ ਟੇਕ ਹੈ। ਉਸ ਤਰ੍ਹਾਂ ਕਦੀ ਵੀ ਉਸ ਬੱਚੇ ਨੂੰ ਮੀਟ ਦਾ ਖਿਆਲ ਨਹੀਂ ਆਇਆ। ਦਾਸ ਗੱਲ ਕਰ ਰਿਹਾ ਹੈ ਗਲਤ ਸੰਗ ਦੇ ਅਸਰ ਤੋਂ ਕਿਵੇਂ ਬਚਣਾ ਹੈ? ਹੁਣ ਉਹ ਸਾਰੇ ਬੱਚੇ ਮਾਸ ਖਾ ਰਹੇ ਹਨ, ਉਹ ਬੱਚਾ ਕਹਿੰਦਾ ਮੈਂ ਖਾਣਾ ਨਹੀਂ ਚਾਹੁੰਦਾ ਪਰ ਮੇਰੇ ਨਾਲ ਵਾਲੇ ਮੁੰਡੇ ਜ਼ੋਰ ਪਾਉਂਦੇ ਹਨ ਕਿ ਖਾ ਲੈ ਕੁਝ ਨਹੀਂ ਹੁੰਦਾ। ਹੁਣ ਉਹ ਬੱਚੇ ਦੇ ਦਿਮਾਗ ਵਿੱਚ ਆਉਣਾ ਸ਼ੁਰੂ ਹੋ ਗਿਆ ਕਿਉਂਕਿ ਕੋਲ ਬਣਦਾ ਪਿਆ ਹੈ। ਮਾੜੀ ਸੰਗਤ ਦਾ ਅਸਰ। ਫਿਰ ਦਾਸ ਨੇ ਬੇਨਤੀ ਕੀਤੀ, ਬੇਟਾ, ਉਨ੍ਹਾਂ ਦਾ ਸੰਗ ਕਰਕੇ ਤੇਰਾ ਦਿਲ ਕਰ ਪਿਆ ਹੈ ਤੇ ਤੂੰ ਇੱਕ ਪਾਠ ਸ੍ਰੀ ਜਪੁਜੀ ਸਾਹਿਬ ਦਾ ਨੇਮ ਵਧਾ ਦੇ। ਗਲ ਵਿੱਚ ਪੱਲਾ ਪਾ ਕੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਇਹੋ ਬੇਨਤੀ ਕਰ, ਕਲਗੀਧਰ ਪਿਤਾ ਜੀ, ਕਿਰਪਾ ਕਰੋ, ਦਇਆ ਕਰੋ, ਮੇਰਾ ਮਨ ਇੰਨਾ ਕੁ ਪੱਕਾ ਕਰ ਦਿਓ ਕਿ ਮੇਰਾ ਧਿਆਨ ਮਾਸ ਖਾਣ ਵੱਲ ਜਾਵੇ ਹੀ ਨਾ। ਕਿਰਪਾ ਕਰੋ, ਧੰਨ ਸ੍ਰੀ ਗੁਰੂ ਗੋਬਿੰਦ ਸਿਘ ਜੀ ਮਹਾਰਾਜ, ਨਿਤਨੇਮ ਤੋਂ ਇਲਾਵਾ ਇੱਕ ਪਾਠ ਜਪੁਜੀ ਸਾਹਿਬ ਜੀ ਦੀ ਤੁਹਾਡੇ ਚਰਨਾਂ ਵਿੱਚ ਅਰਦਾਸ ਹੈ। ਜਿੰਨਾ ਚਿਰ ਪੜ੍ਹਾਈ ਕਰਨ ਲਈ ਬਾਹਰ ਆਇਆ ਹਾਂ, ਕਿਰਪਾ ਕਰ ਦਿਓ। ਜੇ ਕਰਮਾਂ ਵਿੱਚ ਇਹੋ ਜਿਹਾ ਸੰਗ ਲਿਖਿਆ ਵੀ ਹੈ ਤੇ ਉਹ ਲੇਖ ਬਦਲਾ ਦਿਓ। ਇਹ ਕਿਰਪਾ ਕਰ ਦਿਓ। ਚੰਗਾ ਸੰਗ ਕਿਉਂ ਜ਼ਰੂਰੀ ਹੈ? ਕਿਤੇ ਟੁੱਟ ਨਾ ਜਾਈਏ ਗੁਰੂ ਨਾਲੋਂ, ਸਾਰੇ ਮੰਗਿਆ ਕਰੋ :

***ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ***
***ਤੇਰਾ ਨਾਮ ਚਿਤ ਆਵੈ ॥***

ਇਹ ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ। ਦਾਸ ਨੂੰ 15 ਕੁ ਦਿਨਾਂ ਬਾਅਦ ਉਸੇ ਬੱਚੇ ਦਾ ਫੋਨ ਆਇਆ ਕਿ ਜਪੁਜੀ ਸਾਹਿਬ ਦਾ ਇੱਕ ਪਾਠ ਵਧਾ ਕੇ ਰੋਜ਼ ਬੇਨਤੀ ਕਰ ਰਿਹਾ ਹਾਂ, ਬੜੀ ਕਿਰਪਾ ਹੋ ਗਈ ਹੈ, ਉਨ੍ਹਾਂ ਲੜਕਿਆਂ ਦੇ ਹੋਸਟਲ ਵਿੱਚ ਕਮਰੇ Change ਹੋ ਗਏ ਹਨ ਤੇ ਮੇਰੇ ਕਮਰੇ ਵਿੱਚ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਰਪਾ ਕਰ ਦਿੱਤੀ ਹੈ, ਸ਼ਾਕਾਹਾਰੀ ਮੁੰਡੇ ਗੁਰਸਿੱਖ ਭੇਜ ਦਿੱਤੇ ਹਨ। ਉਸ ਬੱਚੇ ਨੇ ਗੁਰਬਾਣੀ ਦਾ ਆਸਰਾ ਲਿਆ। ਹੋ ਸਕਦਾ ਹੈ, ਕਿਸੇ ਵਾਸਤੇ ਇਹ ਗੀਤ ਹੋਣ ਪਰ ਜਿਸ ਦੀ ਭਾਵਨਾ ਬਣ ਜਾਵੇ ਗੁਰਬਾਣੀ ਤੇ ਉਸ ਲਈ ਗੁਰਬਾਣੀ ਰੱਬ ਹੈ, ਨਿਰੰਕਾਰ ਹੈ। ਗੁਰਬਾਣੀ ਉਹ ਖਜ਼ਾਨਾ ਹੈ। ਗੁਰੂ ਸਾਹਿਬ ਕਹਿੰਦੇ ਹਨ, ਦੱਸ ਕੀ ਨੌਕਰੀ ਕਰਵਾਉਣੀ ਹੈ? ਇਹ ਗੁਰਬਾਣੀ ਦੀ ਵਡਿਆਈ ਹੈ, ਇਹ ਕੋਈ ਗੀਤ ਨਹੀਂ। ਇਹ ਧੁਰ ਕੀ ਬਾਣੀ ਨਿਰੰਕਾਰ ਦਾ ਰੂਪ ਹੈ:

***ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥***
***(ਅੰਗ ੩੩੫)***

ਸਿੱਖ ਕੋਲ ਬਹੁਤ ਵੱਡੀ ਟੇਕ ਹੈ ਗੁਰਬਾਣੀ ਦੀ। ਜਦੋਂ ਕੋਈ ਇਸ ਤਰ੍ਹਾਂ ਮੁਸ਼ਕਲ ਬਣ ਜਾਵੇ ਤਾਂ ਗੁਰਬਾਣੀ ਦਾ ਆਸਰਾ ਲਵੋ। ਹੁਣ ਦੇਖੋ ਉਸ ਬੱਚੇ ਨੂੰ ਬਦੋਬਦੀ ਗਲਤ ਸੰਗ ਹੋ ਜਾਣਾ ਸੀ। ਇੱਕ ਹੁੰਦਾ ਹੈ, ਆਪ ਚਾਅ ਨਾਲ ਗਲਤ ਸੰਗਤ ਵਿੱਚ ਜਾਣਾ। ਇੱਕ ਹੁੰਦਾ ਹੈ ਬਦੋਬਦੀ। ਹੁਣ ਹੋਸਟਲ ਇੱਕ ਹੈ, ਕੀ ਕਰੇ, ਉਨ੍ਹਾਂ ਮੁਤਾਬਿਕ ਚੱਲਣਾ ਪੈਣਾ ਹੈ। ਪਰ ਇਹੋ ਜਿਹੀ ਜਗ੍ਹਾ ਤੇ ਵੀ ਇਹ ਟੇਕ ਲੈ ਲਓ। ਗੁਰੂ ਸਾਹਿਬ ਕਹਿੰਦੇ ਹਨ, ਤੇਰੀ ਅਰਦਾਸ ਸਹੀ ਹੈ, ਸੱਚੀ ਹੈ। ਸ਼ਹੀਦ ਸਿੰਘਾਂ ਦੀਆਂ ਡਿਊਟੀਆਂ ਲੱਗ ਜਾਂਦੀਆਂ ਹਨ, ਬਣਾ ਦਿਓ ਬਿੱਧ। ਦਾਸ ਇਹ ਬੇਨਤੀ ਕਰ ਰਿਹਾ ਸੀ। ਜਦੋਂ ਵੀ ਜੀਵਨ ਉੱਚਾ ਜਾਂਦਾ ਹੈ, ਚੰਗੇ ਸੰਗ ਨਾਲ ਤੇ ਜਦੋਂ ਵੀ ਜੀਵਨ ਡਿੱਗਦਾ ਹੈ, ਗਲਤ ਸੰਗ ਨਾਲ। ਅਰਦਾਸ ਕਰਿਆ ਕਰੋ, ਬਾਬਾ ਜੀ, ਕਿਰਪਾ ਕਰੋ :

***ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ***
***ਤੇਰਾ ਨਾਮ ਚਿਤ ਆਵੈ ॥***

❁❁❁

**475. ਸਵਾਲ : ਸਤਿਕਾਰਯੋਗ ਵੀਰ ਜੀ, ਕੋਈ ਵੱਡਾ ਕਾਰਜ ਰੁੱਕ ਜਾਵੇ, ਕੰਮ ਵਿੱਚ ਰੁਕਾਵਟ ਪੈ ਜਾਵੇ ਤੇ ਗੁਰਮਤਿ ਅਨੁਸਾਰ ਕੀ ਕਰੀਏ?**

**ਜਵਾਬ :** ਇਸ ਸਵਾਲ ਦੀ ਸੋਝੀ ਮਿਲਦੀ ਹੈ, ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਇਤਿਹਾਸ ਵਿੱਚੋਂ। ਪਿੰਡ ਡੱਲੇ ਵਿੱਚ ਵਸਣ ਵਾਲੇ ਕੁਝ ਸਿੱਖ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕੋਲ ਆਏ। ਇੱਕ ਗੱਲ ਬੜੀ ਵਧੀਆ ਉਨ੍ਹਾਂ ਨੇ ਕਹੀ। ਤੁਹਾਡੇ ਸਾਰਿਆਂ ਦੇ ਮਤਲਬ ਦੀ ਹੈ। ਸਿੱਖ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕੋਲ ਆ ਕੇ ਕਹਿਣ ਲੱਗੇ, ਮਹਾਰਾਜ ਜੀ! ਇੱਕ ਬੇਨਤੀ ਕਰ ਲਈਏ। ਮਹਾਰਾਜ ਜੀ ਕਹਿੰਦੇ, ਦੱਸੋ। ਸਿੱਖ ਕਹਿਣ ਲੱਗੇ, ਮਹਾਰਾਜ ਜੀ, ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਕਈ ਕਾਰਜ ਰੁਕ ਜਾਂਦੇ ਹਨ। ਨੋਟ ਕਰਨਾ, ਤੁਹਾਡੀ ਲਾਈਫ ਵਿੱਚ ਵੀ ਇਸ ਤਰ੍ਹਾਂ ਹੁੰਦਾ ਹੋਵੇਗਾ। ਕੋਈ ਕੰਮ ਸਿਰੇ ਨਹੀਂ ਲੱਗਦਾ। ਤੁਸੀਂ ਬਹੁਤ ਯਤਨ ਕੀਤਾ, ਫਲਾਣੀ ਉਸਾਰੀ ਕਰਵਾਉਣੀ ਹੈ ਪਰ ਕੰਮ ਰੁਕ ਗਿਆ। ਤੁਸੀਂ ਯਤਨ ਕੀਤਾ ਹੈ, ਮੇਰੀ ਬੱਚੀ ਬੀ.ਏ. ਪਾਸ ਕਰ ਲਵੇ, ਆਈਲੈਟਸ ਕਰ ਲਵੇ ਪਰ ਰੁਕਾਵਟ ਪੈ ਗਈ। ਦੂਸਰੀ ਵਾਰ ਫਿਰ ਬੀ.ਏ. ਦੇ ਪੇਪਰ ਭਰੇ, ਮਿਹਨਤ ਕੀਤੀ ਪਰ ਫਿਰ ਵੀ ਕੰਪਾਟਮੈਂਟ ਆ ਗਈ। ਬਾਰ-ਬਾਰ ਆਈਲੈਟਸ ਦੇ ਪੇਪਰ ਦੇਣ ਦੇ ਬਾਵਜੂਦ ਵੀ ਬੈਂਡ ਪੂਰੇ ਨਹੀਂ ਆ ਰਹੇ। ਜਾਂ ਤੁਹਾਡੀ ਬੱਚੀ 26 ਸਾਲ ਦੀ ਹੋ ਗਈ ਹੈ, ਰਿਸ਼ਤਾ ਨਹੀਂ ਹੋ ਰਿਹਾ। ਬੰਨ ਪੈ ਗਿਆ ਹੈ। ਵਿਆਹ ਹੋਣਾ ਜ਼ਰੂਰੀ ਹੈ ਜ਼ਿੰਦਗੀ ਵਿੱਚ, ਪਰ ਨਹੀਂ ਹੋ ਰਿਹਾ, ਉਸ ਵੇਲੇ ਕੀ ਕਰੀਏ? ਇਸ ਤਰ੍ਹਾਂ ਦੀਆਂ ਕਈ ਮੁਸ਼ਕਲਾਂ ਗ੍ਰਹਿਸਤੀ ਵਿੱਚ ਆ ਜਾਂਦੀਆਂ ਹਨ।

ਪਿੰਡ ਡੱਲੇ ਦੇ ਕੁਝ ਸਿੱਖ ਕਹਿਣ ਲੱਗੇ, ਮਹਾਰਾਜ ਜੀ! ਜਦੋਂ ਕਿਸੇ ਕੰਮ ਵਿੱਚ ਕੋਈ ਰੁਕਾਵਟ ਪੈ ਜਾਵੇ, ਬੰਨ ਲੱਗ ਜਾਵੇ, ਕੰਮ ਸਿਰੇ ਹੀ ਨਾ ਲੱਗੇ ਉਸ ਵੇਲੇ ਕੀ ਕਰੀਏ? ਅੱਗੋਂ ਫਿਰ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਕੀ ਜਵਾਬ ਦਿੱਤਾ? ਧਿਆਨ ਦੇਣਾ, ਮਹਾਰਾਜ ਜੀ ਨੇ ਉਸ ਸਮੇਂ ਜਿਹੜੇ ਤਿੰਨ-ਚਾਰ ਬਚਨ ਕਹੇ। ਮਹਾਰਾਜ ਜੀ ਕਹਿੰਦੇ, ***ਪਹਿਲਾ ਬਚਨ*- ਜੇ ਕੋਈ ਤੁਹਾਨੂੰ ਆਪਣੇ ਆਸੇ-ਪਾਸੇ ਕੋਈ ਭੋਜਨ ਤੋਂ ਭੁੱਖਾ ਨਜ਼ਰ ਆਉਂਦਾ ਹੈ, ਉਸ ਨੂੰ ਭੋਜਨ ਦੇ ਦਿਓ। *ਦੂਸਰਾ ਬਚਨ*- ਜੇ ਕਿਸੇ ਨੂੰ ਕੋਈ ਕੱਪੜੇ ਦੀ ਥੁੜ੍ਹ ਨਜ਼ਰ ਆ ਰਹੀ ਹੈ ਤੇ ਉਸ ਦੀ ਕੱਪੜੇ ਦੀ ਥੁੜ੍ਹ ਪੂਰੀ ਕਰ ਦਿਓ।**

ਕਿਧਰੇ ਕੋਈ ਕੰਮ ਰੁਕ ਜਾਣਾ ਕੋਈ ਛੋਟੀ ਗੱਲ ਨਹੀਂ ਹੁੰਦੀ। ਵੱਡਾ ਦੁਖ ਹੁੰਦਾ ਹੈ। ਬੰਨ ਹੀ ਪੈ ਜਾਣਾ। ਤੁਸੀਂ ਕੋਈ ਕੰਮ ਕੀਤਾ ਹੈ, ਉਸ ਵਿੱਚ ਕਰੋੜ ਰੁਪਇਆ ਫਸ ਗਿਆ ਹੈ ਜਾਂ ਪੰਜਾਹ ਲੱਖ ਫਸ ਗਿਆ। ਪਾਰਟੀ ਨਾਲ ਕੰਮ ਹੀ ਸਿਰੇ ਨਹੀਂ ਲੱਗ ਰਿਹਾ, ਕੰਮ ਸਿੱਧਾ ਪੈ ਹੀ ਨਹੀਂ ਰਿਹਾ। ਬੰਨ ਪੈ ਗਿਆ। ਮਹਾਰਾਜ ਜੀ ਨੇ ਬਚਨ ਕੀਤੇ ***ਪਹਿਲਾ ਬਚਨ*- ਜੇ ਕੋਈ ਤੁਹਾਨੂੰ ਆਪਣੇ ਆਸੇ-ਪਾਸੇ ਕੋਈ ਭੋਜਨ ਤੋਂ ਭੁੱਖਾ ਨਜ਼ਰ ਆਉਂਦਾ ਹੈ, ਉਸ ਨੂੰ ਭੋਜਨ ਦੇ ਦਿਓ। *ਦੂਸਰਾ ਬਚਨ*- ਜੇ ਕਿਸੇ ਨੂੰ ਕੋਈ ਕੱਪੜੇ ਦੀ ਥੁੜ੍ਹ ਨਜ਼ਰ ਆ ਰਹੀ ਹੈ ਤੇ ਉਸ ਦੀ ਕੱਪੜੇ ਦੀ ਥੁੜ੍ਹ ਪੂਰੀ ਕਰ ਦਿਓ। ਮਹਾਰਾਜ ਜੀ ਨੇ *ਤੀਸਰਾ ਬਚਨ ਕੀਤਾ*- ਇਕੱਠੇ ਹੋ ਕੇ ਕੀਰਤਨ ਕਰੋ।** ਸਾਡੇ ਪਿਤਾ ਜੀ ਦੀਆਂ ਸੋਝੀਆਂ। ਤੁਹਾਡੇ ਆਂਢ-ਗੁਆਂਢ ਕੋਈ ਲੋੜਵੰਦ ਵਿਧਵਾ ਬੀਬੀ ਹੈ, ਉਸ ਦੇ ਭੋਜਨ ਦਾ ਸਾਧਨ, ਵਸਤਰ ਦਾ ਸਾਧਨ ਬਣੋ। ***ਚੌਥਾ ਬਚਨ ਕੀਤਾ*- ਕੜਾਹ ਪ੍ਰਸ਼ਾਦਿ ਦੀ ਦੇਗ ਬਣਾਓ। ਕੀਰਤਨ ਕਰਨ ਤੋਂ ਉਪਰੰਤ ਗੁਰੂ ਚਰਨਾਂ ਵਿੱਚ ਅਰਦਾਸ ਕਰੋ, ਤੁਹਾਡਾ ਵੱਡੇ ਤੋਂ ਵੱਡਾ ਬੰਧਨ ਗੁਰੂ ਸਾਹਿਬ ਕੱਟ ਦੇਣਗੇ।** ਵੇਖੋ ਮਹਾਰਾਜ ਜੀ ਨੇ ਇਸ ਵਿੱਚ ਕੀ ਲਿਆਂਦਾ ਹੈ? ਗੁਰਬਾਣੀ ਵੀ ਲਿਆਂਦੀ, ਦੇਗ ਵੀ ਲਿਆਂਦੀ, ਦਇਆ ਵੀ ਲਿਆਂਦੀ ਤੇ ਕੀਰਤਨ ਵੀ ਲਿਆਂਦਾ। ਇਹ ਪਿਤਾ ਜੀ ਦੀਆਂ ਪਿਆਰੀਆਂ ਸੋਝੀਆਂ ਹਨ।

❁❁❁



## ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਬਾਣੀ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਮਹਾਂਪੁਰਖ ਸਮਾਧੀ ਅਸਥਿਤ ਹੋ ਕੇ ਨਿੱਜ ਸਰੂਪ ਦਾ ਅਨੰਦ ਮਾਣ ਰਹੇ ਸਨ। ਕੀਰਤਨੀਏ ਕੀਰਤਨ ਕਰ ਰਹੇ ਸਨ। ਬਹੁਤ ਸੁਹਾਵਣਾ ਸਮਾਂ ਸੀ।

ਰਾਜ ਮਾਤਾ ਹਰਜੀਤ ਕੌਰ ਮਹਾਂਪੁਰਖਾਂ ਦੇ ਦਰਸ਼ਨ ਕਰਨਾ ਚਾਹੁੰਦੀ ਸੀ, ਪਰਮਾਰਥਕ ਸੇਧ ਵੀ ਪ੍ਰਾਪਤ ਕਰਨ ਦੀ ਜਗਿਆਸਾ ਸੀ, ਕੁਝ ਸ਼ੰਕਿਆਂ ਦੀ ਨਵਿਰਤੀ ਵੀ ਕਰਨੀ ਸੀ। ਰਾਜ ਮਾਤਾ ਨੇ ਆਪਣੇ ਦਰਬਾਨਚੀਆਂ ਰਾਹੀਂ ਬੜੇ ਪਿਆਰ ਵਿੱਚ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਸਹਿਜ ਪਾਠ ਦੇ ਭੋਗ ਸਮੇਂ ਦਰਸ਼ਨ ਦੇਣ, ਕੀਰਤਨੀ ਜੱਥਾ ਆਸਾ ਦੀ ਵਾਰ ਦਾ ਕੀਰਤਨ ਕਰੇ। ਮਹਾਂਪੁਰਖ ਵੇਪਰਵਾਹ ਹੁੰਦੇ ਹਨ। ਉਨ੍ਹਾਂ ਲਈ ਰਾਜਾ-ਰੰਕ, ਅਮੀਰ-ਗਰੀਬ ਦੀ ਕੋਈ ਨਹੀਂ, ਭਾਵਨਾ ਦੀ ਗੱਲ ਹੋਇਆ ਕਰਦੀ ਹੈ। ਰਾਜ ਮਾਤਾ ਦੀ ਪਰਮਾਰਥਕ ਭਾਵਨਾ ਦੇਖਦਿਆਂ ਬਾਬਾ ਜੀ ਨੇ ਬੇਨਤੀ ਪ੍ਰਵਾਨ ਕਰ ਲਈ।

ਸਹਿਜ ਪਾਠ ਰਾਜ ਮਾਤਾ ਨੇ ਆਪ ਕੀਤਾ ਸੀ। ਮਹਾਂਪੁਰਖਾਂ ਨੂੰ ਜੱਥੇ ਸਮੇਤ ਆਇਆਂ ਦੇਖ ਕੇ ਬਿਰਧ ਰਾਜ ਮਾਤਾ ਅੰਦਰੋਂ ਸ਼ੁਕਰਾਨੇ ਵਿੱਚ ਜੁੜੀ ਸੀ। ਰਾਜ ਮਾਤਾ ਦੀ ਬੇਨਤੀ ਪ੍ਰਵਾਨ ਕਰਦਿਆਂ ਬਾਬਾ ਜੀ ਨੇ ਵੀ ਕੀਰਤਨ ਕੀਤਾ। ਅੰਮ੍ਰਿਤ ਵੇਲਾ ਅਤੇ ਅੰਮ੍ਰਿਤਮਈ ਬਾਣੀ ਦੇ ਕੀਰਤਨ ਦੀ ਛਹਿਬਰ, ਐਸਾ ਸਮਾਂ ਬਣ ਗਿਆ ਸੀ ਜੋ ਸਿਰਫ ਮਾਣਿਆ ਜਾ ਸਕਦਾ ਹੈ, ਬੋਲ ਕੇ ਦੱਸਿਆ ਨਹੀਂ ਜਾ ਸਕਦਾ।

ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਸਹਿਜ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਰਾਜ ਮਾਤਾ ਵੱਲੋਂ ਆਪਣੇ ਹੱਥੀਂ ਤਿਆਰ ਕੀਤਾ ਪਰਸ਼ਾਦਾ ਮਹਾਂਪੁਰਖਾਂ ਅਤੇ ਜੱਥੇ ਨੂੰ ਬੜੇ ਅਦਬ ਨਾਲ ਛਕਾਇਆ ਗਿਆ।

ਹੁਣ ਰਾਜ ਮਾਤਾ ਦੀ ਭਾਵਨਾ ਦੇਖਦਿਆਂ ਬਾਬਾ ਜੀ ਨੇ ਬਚਨ ਕੀਤੇ, "ਰਾਜ ਮਾਤਾ! ਇਹ ਮਨੁੱਖਾ ਜਨਮ ਵੱਡੇ ਭਾਗਾਂ ਨਾਲ ਪ੍ਰਾਪਤ ਹੋਇਆ ਹੈ ਔਰ ਇਹ ਹੋਇਆ ਹੈ ਪ੍ਰਭੂ ਪ੍ਰਾਪਤੀ ਦੇ ਲਈ

***ਆਸਾ ਮਹਲਾ ੫ ॥***
***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***

*(ਅੰਗ ੧੨)*

ਚੁਰਾਸੀ ਤੋਂ ਬਾਅਦ ਇਹ ਜੂਨੀ ਪ੍ਰਾਪਤ ਹੁੰਦੀ ਹੈ। ਮਹਾਤਮਾ ਇੱਕ ਦ੍ਰਿਸ਼ਟਾਂਤ ਦਿੰਦੇ ਹਨ, ਕਿਸੇ ਰਾਜੇ ਨੇ ਇੱਕ ਪਹਾੜੀ 'ਤੇ ਇੱਕ ਕਿਲ੍ਹਾ ਬਣਵਾਇਆ, ਜਿਸ ਦੇ ਚੁਰਾਸੀ ਦਰਵਾਜੇ ਰਖਵਾਏ। ਉਨ੍ਹਾਂ ਵਿੱਚੋਂ ਇੱਕ ਹੀ ਦਰਵਾਜਾ ਖੁੱਲ੍ਹਾ ਸੀ, ਬਾਕੀ ਦਰਵਾਜੇ ਬੰਦ ਸਨ। ਇੱਕ ਨੇਤਰਹੀਣ ਪੁਰਖ ਉਸ ਉਜਾੜ ਪਏ ਕਿਲ੍ਹੇ ਵਿੱਚ ਗਲਤੀ ਨਾਲ ਪ੍ਰਵੇਸ਼ ਕਰ ਗਿਆ। ਬੜਾ ਯਤਨ ਕੀਤਾ ਪਰ ਬਾਹਰ ਆਉਣ ਦਾ ਕੁਝ ਪਤਾ ਨਾ ਲੱਗੇ। ਵਿਚਾਰਾ ਕੂਕ ਕੇ ਪੁਕਾਰ ਕਰਨ ਲੱਗਾ ਕਿ ਕੋਈ ਮੈਨੂੰ ਬਾਹਰ ਆਉਣ ਦਾ

ਰਸਤਾ ਦੱਸੋ। ਬਾਹਰੋਂ ਕਿਸੇ ਪਰਉਪਕਾਰੀ ਪੁਰਖ ਨੇ ਉੱਚੀ ਅਵਾਜ਼ ਦੇ ਕੇ ਦੱਸਿਆ ਕਿ ਕਿਲ੍ਹਾ ਗੋਲ ਹੈ। ਕੰਧ ਨੂੰ ਹੱਥ ਲਾ ਕੇ ਤੁਰਿਆ ਚੱਲ। ਇੱਕ ਦਰਵਾਜਾ ਖੁੱਲ੍ਹਾ ਹੈ, ਉਸ ਦਰਵਾਜੇ ਤੇ ਆ ਕੇ ਤੂੰ ਬਾਹਰ ਨਿਕਲ ਸਕਦਾ ਹੈ। ਉਸ ਨੇ ਏਸੇ ਤਰ੍ਹਾਂ ਕੀਤਾ, ਪਰ ਜਦ ਖੁੱਲ੍ਹੇ ਦਰਵਾਜੇ ਕੋਲ ਪੁੱਜਾ ਤਾਂ ਉਸ ਦੇ ਮੁੱਖ ਤੇ ਮੱਖੀ ਆ ਬੈਠੀ। ਅਚੇਤ ਹੀ ਹੱਥ ਕੰਧ ਤੋਂ ਹਟਾ ਕੇ ਮੱਖੀ ਉਡਾਈ, ਖਾਜ ਕਰਨ ਲੱਗਾ, ਨਾਲ ਤੁਰਿਆ ਵੀ ਗਿਆ। ਨਤੀਜਾ ਕੀ ਹੋਇਆ? ਦਰਵਾਜਾ ਲੰਘ ਕੇ ਫਿਰ ਉਸੇ ਚੱਕਰ ਵਿੱਚ ਪੈ ਗਿਆ, ਗੱਲ ਅਗਲੇ ਗੇੜੇ ਤੇ ਆ ਗਈ। ਇਸ ਦ੍ਰਿਸ਼ਟਾਂਤ ਦਾ ਭਾਵ ਇਹ ਕਿ ਪਰਮੇਸ਼ਰ ਰੂਪ ਰਾਜੇ ਨੇ ਸੰਸਾਰ ਰੂਪੀ ਕਿਲ੍ਹਾ ਬਣਾਇਆ ਹੈ ਜਿਸ ਦੇ ਜੂਨਾਂ ਰੂਪ ਦਰਵਾਜੇ ਹਨ। ਇੱਕੋ-ਇੱਕ ਮਨੁੱਖਾ ਜਨਮ ਖੁੱਲ੍ਹਾ ਦਰਵਾਜਾ ਹੈ, ਜਿਸ ਵਿੱਚੋਂ ਚੁਰਾਸੀ ਦੇ ਗੇੜ ਵਿੱਚੋਂ ਨਿਕਲ ਕੇ ਪ੍ਰਭੂ ਪ੍ਰਾਪਤੀ ਕਰ ਸਕਦਾ ਹੈ। ਇਹ ਜੀਵ ਵਿਚਾਰ ਅਤੇ ਵੈਰਾਗ ਰੂਪ ਨੇਤ੍ਰਾਂ ਤੋਂ ਹੀਣਾ ਹੈ। ਮਾਇਆ ਰੂਪੀ ਮੱਖੀ ਅਤੇ ਭੋਗਾਂ ਰੂਪੀ ਖਾਜ ਜਨਮ ਗਵਾ ਕੇ ਫਿਰ ਚੁਰਾਸੀ ਦੇ ਗੇੜ ਵਿੱਚ ਪਵਾ ਦਿੰਦੇ ਹਨ। ਮਨੁੱਖਾ ਜਨਮ ਪਾ ਕੇ ਸ਼ੁਭ-ਕਰਮ ਕਰਨੇ ਦਾਨ-ਪੁੰਨ ਕਰਨਾ ਚੰਗੀ ਗੱਲ ਹੈ, ਪਰ ਇੰਨਾ ਕਾਫ਼ੀ ਨਹੀਂ ਹੈ। ਮਾਤਾ! ਪਿਛਲੇ ਪੁੰਨਾਂ ਕਰਕੇ ਰਾਜ-ਭਾਗ ਅਤੇ ਸੁੱਖ ਪ੍ਰਾਪਤ ਹੋਏ ਹਨ। ਹੁਣ ਸਮਾਂ ਪ੍ਰਭੂ ਪ੍ਰਾਪਤੀ ਅਤੇ ਆਵਾਗਉਣ ਮੇਟਣ ਦਾ ਹੈ। ਉਸਦੇ ਵਾਸਤੇ ਇੱਕੋ-ਇੱਕ ਸਾਧਨ ਹੈ ਨਾਮ ਜਪਣਾ। ਸੋ ਮਾਤਾ ਬਿਰਤੀ ਨਿਰੋਲ ਭਜਨ ਬੰਦਗੀ ਵੱਲ ਲਾਓ।

ਹੁਣ ਰਾਜ ਮਾਤਾ ਨੇ ਬੇਨਤੀ ਕੀਤੀ, "ਬਾਬਾ ਜੀ! ਆਪ ਜੀ ਨੇ ਬਹੁਤ ਕਿਰਪਾ ਕੀਤੀ ਹੈ, ਜੋ ਜੀਵਨ ਮਨੋਰਥ ਦੀ ਸੋਝੀ ਦਿੱਤੀ ਹੈ। ਮਨ ਵਿੱਚ ਇੱਕ ਸ਼ੰਕਾ ਵੀ ਹੈ। ਕਿਰਪਾ ਕਰੋ ਉਸਦੀ ਨਵਿਰਤੀ ਕਰੋ। ਮੈਂ ਗੁਰਬਾਣੀ ਦਾ ਪਾਠ ਵੀ ਕਰਦੀ ਹਾਂ ਅਤੇ ਗੁਰ ਇਤਿਹਾਸ ਵੀ ਪੜ੍ਹਦੀ ਹਾਂ, ਪਰ ਕੁਝ ਥਾਵਾਂ ਤੇ ਸ਼ੰਕਾ ਬਣ ਜਾਂਦਾ ਹੈ। ਕੁਝ ਇਤਿਹਾਸਾਂ ਵਿੱਚ ਲਿਖਿਆ ਹੈ ਕਿ ਦਸ਼ਮੇਸ਼ ਪਿਤਾ ਜੀ ਨੇ ਦੇਵੀ ਪ੍ਰਗਟ ਕੀਤੀ। ਗੁਰਬਾਣੀ ਵਿੱਚ ਤਾਂ ਅਕਾਲ ਪੁਰਖ ਵਾਹਿਗੁਰੂ ਦੀ ਉਪਾਸਨਾ ਦਾ ਉਪਦੇਸ਼ ਹੈ।"

"ਮਾਤਾ! ਤੂੰ ਦਸਵੇਂ ਪਾਤਸ਼ਾਹ ਜੀ ਤੇ ਕੀ ਭਾਵਨਾ ਰੱਖੀ ਹੈ?" ਬਾਬਾ ਜੀ ਨੇ ਪੁੱਛਿਆ।

"ਬਾਬਾ ਜੀ! ਉਹ ਤਾਂ ਪਰਮੇਸ਼ਰ ਦਾ ਹੀ ਸਰੂਪ ਹਨ।" ਮਾਤਾ ਨੇ ਆਪਣੀ ਭਾਵਨਾ ਦੱਸੀ।

"ਜੇਕਰ ਇਹ ਭਾਵਨਾ ਹੈ ਤਾਂ ਇਹ ਸ਼ੰਕਾ ਫੁਰੀ ਹੀ ਕਿਉਂ? ਦੇਵੀ-ਦੇਵਤੇ ਤਾਂ ਗੁਰੂ ਨਾਨਕ ਸਾਹਿਬ ਦੇ ਦਰ ਦੇ ਸੇਵਾਦਾਰ ਹਨ।" "ਬਾਬਾ ਜੀ ਨੇ ਮਾਤਾ ਦੇ ਸ਼ੰਕੇ ਦਾ ਉੱਤਰ ਦਿੰਦਿਆਂ ਬਚਨ ਕੀਤੇ, "ਫਿਰ ਦੂਜੀ ਗੱਲ ਇਹ ਕਿ ਆਪਣੀ ਰਚਨਾ ਭਾਵ ਬਾਣੀ ਦੇ ਆਰੰਭ ਵਿੱਚ ਆਪਣੇ ਇਸ਼ਟ ਦਾ ਮੰਗਲ ਹੋਇਆ ਕਰਦਾ ਹੈ। ਦਸਵੇਂ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿੱਚ ਹਰ ਥਾਂ ਅਕਾਲ ਪੁਰਖ ਦਾ ਮੰਗਲ ਕੀਤਾ ਹੈ, ਕਿਸੇ ਦੇਵੀ-ਦੇਵਤੇ ਦਾ ਨਹੀਂ।" ਬਚਨ ਕਰਦਿਆਂ ਬਾਬਾ ਜੀ ਨੇ ਦਸਮ ਪਾਤਸ਼ਾਹ ਜੀ ਦੀ ਬਾਣੀ ਵਿੱਚੋਂ ਕਈ ਪ੍ਰਮਾਣ ਦਿੱਤੇ।

ਇਤਿਹਾਸ ਲਿਖੇ ਜਾਣ ਸਮੇਂ ਕਈ ਗੱਲਾਂ ਪ੍ਰਭਾਵ ਪਾਉਂਦੀਆਂ ਹਨ। ਲਿਖਾਰੀ ਦੀ ਆਪਣੀ ਸੋਚ ਸਮਝ ਦਾ ਘੇਰਾ, ਸੋਮਿਆਂ ਦੀ ਪ੍ਰਮਾਣਿਕਤਾ ਜਾਂ ਭਰੋਸੇਯੋਗਤਾ ਆਦਿ ਦਾ ਪ੍ਰਭਾਵ ਲਿਖਤ ਤੇ ਪੈਂਦਾ ਹੈ। ਇਤਿਹਾਸਕ ਗ੍ਰੰਥਾਂ ਵਿੱਚ ਮਿਲਾਵਟ, ਭਾਵ ਵਾਧਾ-ਘਾਟਾ ਕਰ ਦਿੱਤੇ ਜਾਣ ਕਾਰਨ ਵੀ ਸ਼ੰਕਾਵਾਂ ਖੜ੍ਹੀਆਂ ਹੁੰਦੀਆਂ ਹਨ।

ਸਭ ਤੋਂ ਪਹਿਲਾਂ ਗੁਰਬਾਣੀ ਦਾ ਸਿਧਾਂਤ ਹੈ। ਸਿੱਖ ਨੇ ਜੀਵਨ ਦੇ ਹਰ ਪੱਖ ਨੂੰ ਗੁਰਬਾਣੀ ਦੀ ਰੌਸ਼ਨੀ ਵਿੱਚ ਦੇਖਣਾ ਹੈ। ਇਸ ਤਰ੍ਹਾਂ ਨਾ ਕੋਈ ਸ਼ੰਕਾ ਰਹਿੰਦੀ ਹੈ ਨਾ ਕੋਈ ਦੁਬਿਧਾ ਉਪਜਦੀ ਹੈ।

ਦਸਮ ਪਾਤਸ਼ਾਹ ਜੀ ਗੁਰਸਿੱਖਾਂ ਨੂੰ ਹਰ ਪੱਖੋਂ

ਪੂਰਨ ਬਣਾਉਂਣਾ ਚਾਹੁੰਦੇ ਸਨ ਅਤੇ ਬਣਾਇਆ ਵੀ। ਸਿੱਖ ਵਿੱਚ ਜਿੱਥੇ ਪਰਮਾਰਥਕ ਲਗਨ ਹੁੰਦੀ ਹੈ ਉੱਥੇ ਸੰਸਾਰਕ ਕਾਰ ਵਿਹਾਰ ਦੀ ਵੀ ਸੋਝੀ ਹੁੰਦੀ ਹੈ। ਸਿੱਖ ਉੱਦਮੀ ਵੀ ਹੁੰਦਾ ਹੈ ਅਤੇ ਬਿਬੇਕ ਬੁੱਧਸ਼ਾਲੀ ਵੀ। ਗੁਰੂ ਸਾਹਿਬ ਨੇ ਸਿੱਖਾਂ ਨੂੰ ਨਿਤਨੇਮ, ਸੇਵਾ-ਸਿਮਰਨ ਦੀ ਦਾਤ ਦਿੱਤੀ ਤੇ ਜਿੱਥੇ ਗਤਕਾ ਅਤੇ ਘੋੜ-ਸਵਾਰੀ ਆਦਿ ਜੰਗੀ ਹੁਨਰ ਦਿੱਤੇ ਉੱਥੇ ਵਿਦਵਤਾ ਲਈ ਗ੍ਰੰਥਾਂ ਦੇ ਉਲੱਥੇ ਖੁਦ ਵੀ ਕੀਤੇ ਅਤੇ ਆਪਣੇ ਦਰਬਾਰ ਦੇ ਵਿਦਵਾਨਾਂ ਪਾਸੋਂ ਵੀ ਕਰਵਾਏ। ਗੱਲ ਇਹ ਨਹੀਂ ਸੀ ਕਿ ਇਨ੍ਹਾਂ ਤੋਂ ਬਿਨ੍ਹਾਂ ਕੋਈ ਕਮੀ ਸੀ, ਗੱਲ ਸਾਹਿਤਕ ਸੂਝ ਦੀ ਸੀ ਕਿ ਸਾਹਿਤ ਪੜ੍ਹਿਆ ਜਾਵੇ। ਕਿਤੇ ਕੋਈ ਵਿਚਾਰ ਹੋਵੇ ਤਾਂ ਆਪਣਾ ਪੱਖ ਸਹੀ ਢੰਗ ਨਾਲ ਰੱਖਿਆ ਜਾਵੇ। ਦ੍ਰਿੜਤਾ ਨਾਲ ਹਿਰਦੇ ਵਿੱਚ ਗੁਰਮਤਿ ਸਿਧਾਂਤ ਹੋਵੇ, ਜਾਣਕਾਰੀ ਸਾਰੇ ਪੱਖਾਂ ਦੀ ਹੋਵੇ।

ਦਸਮ ਪਾਤਸ਼ਾਹ ਜੀ ਦੀ ਬਾਣੀ ਵਿੱਚ ਜਾਂ ਤਾਂ ਨਿਰੋਲ ਅਕਾਲ ਪੁਰਖ ਦੀ ਉਸਤਤਿ ਹੈ ਜਾਂ ਵਹਿਮਾਂ-ਭਰਮਾਂ ਦਾ ਖੰਡਣ, ਕੁਝ ਇਤਿਹਾਸਕ ਬ੍ਰਿਤਾਂਤ ਵੀ ਹਨ ਅਤੇ ਹੋਰਨਾਂ ਗ੍ਰੰਥਾਂ ਦੇ ਉਲੱਥੇ ਵੀ। ਅਧਿਐਨ ਕਰਦਿਆਂ ਇਹ ਸਪੱਸ਼ਟ ਹੁੰਦਾ ਹੈ ਕਿ ਜਿੱਥੇ ਉਲਥਾ ਹੈ, ਗੁਰਮਤਿ ਸਿਧਾਂਤ ਵੀ ਦੱਸਿਆ ਗਿਆ ਹੈ। ਜਿਵੇਂ ਕਿ:

*ਤੈਥੋਂ ਹੀ ਬਲ ਰਾਮ ਲੈ*
*ਬਾਣ ਦਹਸਿਰੁ ਘਾਇਆ ॥*
*ਤੈਥੋਂ ਹੀ ਬਲ ਕ੍ਰਿਸ਼ਨ ਲੈ*
*ਕੰਸੁ ਕੇਸੀ ਪਕੜਿ ਗਿਰਾਇਆ ॥*

ਅਤੇ

**ਸ੍ਵੈਯਾ**

*ਪਾਂਇ ਗਹੇ ਜਬ ਤੇ ਤੁਮਰੇ ਤਬ ਤੇ*
*ਕੋਊ ਆਂਖ ਤਰੇ ਨਹੀ ਆਨਜੋ ॥*
*ਰਾਮ ਰਹੀਮ ਪੁਰਾਨ ਕੁਰਾਨ*
*ਅਨੇਕ ਕਹੈਂ ਮਤ ਏਕ ਨ ਮਾਨਜੋ ॥*

ਇਤਿਹਾਸਕਾਰ ਲਿਖਾਰੀ ਦਸਮ ਪਾਤਸ਼ਾਹ ਜੀ ਬਾਰੇ ਆਪੋ-ਆਪਣੀ ਸਮਝ ਅਨੁਸਾਰ ਲਿਖਦੇ ਹਨ। ਕਈ ਤਰ੍ਹਾਂ ਦਾ ਖੰਡਨ-ਮੰਡਨ ਵੀ ਹੁੰਦਾ ਹੈ, ਪਰ ਜੋ ਨਿਰੋਲ ਤੱਤ ਦੀ ਗੱਲ ਹੈ ਉਹ ਇਹ ਹੈ ਕਿ ਦਸਮ ਪਾਤਸ਼ਾਹ ਜੀ ਨੇ ਸਿਰਫ਼ ਅਤੇ ਸਿਰਫ਼ ਅਕਾਲ ਪੁਰਖ ਨੂੰ ਪੂਰਨ ਤੌਰ ਤੇ ਦ੍ਰਿੜਾਇਆ ਹੈ।

ਬਾਬਾ ਜੀ ਨੇ ਸੰਖੇਪ ਵਿੱਚ ਪ੍ਰਮਾਣਾਂ ਰਾਹੀ ਸੁਮੱਤ ਦਿੰਦੇ ਹੋਏ ਰਾਜ ਮਾਤਾ ਦਾ ਸ਼ੰਕਾ ਦੂਰ ਕੀਤਾ। ਰਾਜ ਮਾਤਾ ਦੀ ਦੁਬਿਧਾ ਦੂਰ ਹੋ ਚੁੱਕੀ ਸੀ।

❁❁❁

**ਸਿਫਤਿ ਸਾਲਾਹ ਪੜ੍ਹੋ** **ਮੈਨੂੰ ਜ਼ਰੂਰ ਪੜ੍ਹੋ** **ਸਿਫਤਿ ਸਾਲਾਹ ਕਰੋ**

ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਪਿਛਲੇ 22 ਸਾਲਾਂ ਤੋਂ ਸਿਫਤਿ ਸਾਲਾਹ ਨਿਰੋਲ ਧਾਰਮਿਕ ਰਸਾਲਾ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਛਾਪ ਕੇ ਸੰਗਤਾਂ ਦੇ ਘਰ-ਘਰ ਪਹੁੰਚਾਇਆ ਜਾ ਰਿਹਾ ਹੈ। ਸਿਫਤਿ ਸਾਲਾਹ ਦੀ ਛਪਾਈ ਤੋਂ ਲੈ ਕੇ ਪੋਸਟ ਕਰਨ ਤੱਕ ਦੇ ਖਰਚੇ ਵੱਧ ਜਾਣ ਕਰਕੇ ਰਸਾਲੇ ਦੇ ਚੰਦੇ ਵਿੱਚ ਜਨਵਰੀ 2020 ਤੋਂ ਵਾਧਾ ਕੀਤਾ ਗਿਆ ਹੈ। ਸਾਨੂੰ ਆਸ ਹੈ ਕਿ ਆਪ ਸੰਗਤਾਂ ਅਸੀਸ ਬਖਸ਼ ਕੇ ਇਸੇ ਤਰ੍ਹਾਂ ਅਗਾਂਹ ਵੀ ਸਹਿਯੋਗ ਬਖਸ਼ੋਗੇ। ਰਸਾਲੇ ਦਾ ਚੰਦਾ ਹੁਣ ਇਸ ਪ੍ਰਕਾਰ ਹੈ ਜੀ। ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ | ਦੇਸ਼ | ਵਿਦੇਸ਼ |
|---|---|---|
| ਇੱਕ ਸਾਲ | 150/- | 1200/- |
| ਦੋ ਸਾਲ | 300/- | 2400/- |
| ਪੰਜ ਸਾਲ | 600/- | 4800/- |
| ਲਾਈਫ | 2400/- | 19200/- |

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ
ਭਾਈ ਗੁਰਇਕਬਾਲ ਸਿੰਘ ਜੀ
ਦੀਆਂ ਕੀਰਤਨ ਵਿਚਾਰਾਂ
ਵਿੱਚੋਂ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

491
ਗੁਰਬਾਣੀ ਪੜ੍ਹਦਿਆਂ ਸਾਡਾ ਮਨ ਜੁੜੇ ਜਾਂ ਨਾ ਜੁੜੇ
ਯਤਨ ਕਰਨਾ ਹੈ ਮਨ ਜੋੜਨ ਦਾ, ਨਹੀਂ ਵੀ ਜੁੜਿਆ
ਤੂੰ ਸਰੀਰ ਕਰਕੇ ਸਮਾਂ ਦਿੱਤਾ ਹੈ ਤੇਰੀ ਗੁਰੂ ਚਰਨਾਂ ਵਿੱਚ
ਹਾਜ਼ਰੀ ਜ਼ਰੂਰ ਲੱਗੇਗੀ, ਗੁਰਬਾਣੀ ਪੜ੍ਹਨੀ ਨਹੀਂ ਛੱਡਣੀ।

492
ਗੁਰਬਾਣੀ ਨੇ ਸਾਡਾ ਮਨ ਜੋੜਨਾ ਹੈ,
ਗੁਰਬਾਣੀ ਪੜ੍ਹਨੀ ਹੀ ਇਸ ਕਰਕੇ ਹੈ ਕਿ
ਸਾਡਾ ਮਨ ਜੁੜ ਜਾਵੇ।

493
ਗੁਰੂ ਨਾਨਕ ਸਾਹਿਬ ਦੀ ਦਿਆਲਤਾ ਬਹੁਤ ਵੱਡੀ ਹੈ
ਗੁਰੂ ਨਾਨਕ ਸਾਹਿਬ ਦਿਆਲੂ ਹੋ ਜਾਣ ਤੇ ਸਮੇਂ ਤੋਂ
ਪਹਿਲਾਂ ਵੀ ਦੇ ਸਕਦੇ ਹਨ ਤੇ ਕਰਮਾਂ ਤੋਂ
ਬਿਨਾਂ ਵੀ ਦੇ ਸਕਦੇ ਹਨ।

—ਸੰਪਾਦਕ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

ਨਵਾਂ ਉਪਰਾਲਾ

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

*—ਭਾਈ ਪਾਲ ਸਿੰਘ*

***ਨੌਂਵੇਂ ਪਾਤਸ਼ਾਹ ਜੀ ਦਾ ਪਹਿਲਾ ਸਲੋਕ :***

***ੴ ਸਤਿਗੁਰ ਪ੍ਰਸਾਦਿ ॥***

***ਸਲੋਕ ਮਹਲਾ ੯ ॥***

***ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥***
***ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥***

*(ਅੰਗ ੧੪੨੬)*

***ਅਰਥ:*** ਜਿਸ ਜੀਵ ਨੇ ਪ੍ਰਮੇਸ਼ਰ ਦੇ ਗੁਣ ਨਹੀਂ ਗਾਏ, ਜਨਮ ਨਿਸਫਲ ਕਰ ਲਿਆ। ਹੇ ਮੇਰੇ ਮਨ! ਤੂੰ ਹਰੀ ਨੂੰ ਇਸ ਤਰ੍ਹਾਂ ਸਿਮਰ ਜਿਸ ਤਰ੍ਹਾਂ ਪਾਣੀ ਨੂੰ ਮੱਛੀ।

ਪ੍ਰਮੇਸ਼ਰ ਬੰਦੇ ਨੂੰ ਪੈਦਾ ਕਰਕੇ ਆਪਣੀ ਰਿਜਕ ਪਚਾਉਣ ਦੀ ਡਿਊਟੀ ਨਿਭਾ ਰਿਹਾ ਹੈ ਪਰ ਬੰਦੇ ਨੇ ਪ੍ਰਭੂ ਦੇ ਗੁਣ ਗਾਉਣ ਵਾਲੀ ਡਿਊਟੀ ਨਹੀਂ ਨਿਭਾਈ ਜਿਸ ਨਾਲ ਇਸਦੇ ਪਿਛਲੇ ਤੇ ਹੁਣ ਦੇ ਸਾਰੇ ਪਾਪ ਖਤਮ ਹੋ ਸਕਦੇ ਹਨ।

***ਪ੍ਰਮਾਣ :***

***ਗੁਨ ਗਾਵਹ ਠਾਕੁਰ ਅਬਿਨਾਸੀ ਕਲਮਲ ਸਗਲੇ ਝਾਰਉ ॥***

*(ਅੰਗ ੫੩੨)*

ਦਸਮ ਗੁਰੂ ਚਮਤਕਾਰ ਵਿੱਚ ਲਿਖਿਆ ਹੈ ਕਿ ਕਲਗੀਧਰ ਪਾਤਸ਼ਾਹ ਜੀ ਬਠਿੰਡੇ ਦੇ ਕਿਲ੍ਹੇ ਵਿੱਚ ਰਾਤ ਵਿਸ਼ਰਾਮ ਕਰ ਰਹੇ ਸਨ। ਉਸ ਕਿਲ੍ਹੇ ਦੀ ਕੰਧ ਨਾਲ ਕਈ ਵਪਾਰੀ ਵੀ ਉਤਰੇ ਹੋਏ ਸਨ। ਉਹ ਰਾਤ ਨੂੰ ਆਪਣੀ ਮੌਜ ਵਿੱਚ ਸੱਸੀ-ਪੁੰਨੂ ਦੇ ਗੀਤ ਗਾਉਂਦੇ ਰਹੇ। ਜਦੋਂ ਸਵੇਰੇ ਸਤਿਗੁਰੂ ਜੀ ਦਾ ਦੀਵਾਨ ਸਜਿਆ ਤੇ ਆਪ ਜੀ ਨੇ ਇੱਕ ਸਿੱਖ ਨੂੰ ਭੇਜ ਕੇ ਵਪਾਰੀਆਂ ਨੂੰ ਸੱਦਿਆ ਤੇ ਬਚਨ ਕੀਤਾ, "ਸਾਰੇ ਸ੍ਰੇਸ਼ਟ ਕਰਮਾਂ ਵਿੱਚ ਵਾਹਿਗੁਰੂ ਦਾ ਪ੍ਰੇਮ ਹੀ ਸ਼੍ਰੋਮਣੀ ਹੈ। ਜੇ ਪਿਆਰ ਨਾਲ ਉਸਦੇ ਗੀਤ ਗਾਏ ਜਾਣ ਤਾਂ ਤੱਤਛਿੰਨ ਹੀ ਭਵ ਸਾਗਰ ਤੋਂ ਪਾਰ ਹੋ ਜਾਈਦਾ ਹੈ।" ਨੌਂਵੇਂ ਪਾਤਸ਼ਾਹ ਜੀ ਵੀ ਲਿਖਦੇ ਹਨ:

***ਪ੍ਰਮਾਣ :***

***ਨਾਨਕ ਭਉਜਲੁ ਪਾਰਿ ਪਰੈ***
***ਜਉ ਗਾਵੈ ਪ੍ਰਭ ਕੇ ਗੀਤ ॥੨॥੩॥੬॥੩੮॥੪੭॥***

*(ਅੰਗ ੫੩੬)*

ਪ੍ਰਭੂ ਦੇ ਗੀਤ ਗਾਉਣ ਤੇ ਸੁਣਨ ਦਾ ਬਹੁਤ ਵੱਡਾ ਮਹਾਤਮ ਹੈ। ਵੇਖੋ ਇੱਕ ਯੱਗ ਕਰਨਾ ਹੋਵੇ ਤੇ ਕਿੰਨਾ ਮੁਸ਼ਕਿਲ ਹੈ ਪਰ ਸਤਿਗੁਰੂ ਜੀ ਆਖਦੇ ਹਨ ਤੈਨੂੰ ਕਰੋੜਾਂ ਯੱਗਾਂ ਦਾ ਮਹਾਤਮ ਝੋਲੀ ਵਿੱਚ ਪਵੇਗਾ ਜੇ ਤੂੰ ਪ੍ਰਭੂ ਦੇ ਗੁਣ ਗਾਉਣ ਤੇ ਸੁਣਨ ਲੱਗ ਜਾਵੇ।

***ਪ੍ਰਮਾਣ :***

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

*(ਅੰਗ ੫੪੬)*

ਸਾਡੇ ਮਨ ਦੀ ਹਾਲਤ ਕੋਹਲੂ ਸਾਫ ਕਰਨ ਵਾਲੀ ਟਾਕੀ ਵਰਗੀ ਹੋ ਗਈ ਹੈ ਜਿਸਨੂੰ ਸੈਂਕੜੇ ਵਾਰੀ ਵੀ ਧੋਤਾ ਜਾਵੇ ਤਦ ਵੀ ਉਸ ਵਿੱਚ ਪਈ

ਹੋਈ ਤੰਦ ਮੈਲ ਦੂਰ ਨਹੀਂ ਹੁੰਦੀ ਪਰ ਪ੍ਰਮੇਸ਼ਰ ਦੇ ਗੁਣ ਗਾਉਣ ਨਾਲ ਸਾਡੇ ਮਨ ਦੀ ਮੈਲ ਝੱਟ ਹੀ ਉੱਤਰ ਜਾਂਦੀ ਹੈ।

*ਪ੍ਰਮਾਣ :*

***ਗੁਨ ਗਾਵਤ ਤੇਰੀ ਉਤਰਸਿ ਮੈਲੁ ॥***

*(ਅੰਗ ੨੮੯)*

ਕਲਿਯੁਗ ਵਿੱਚ ਸਭ ਤੋਂ ਵੱਡਾ ਪੁੰਨ ਇਕੋ ਹੀ ਹੈ ਕਿ ਪ੍ਰਭੂ ਦੇ ਗੁਣ ਗਾਏ ਜਾਣ।

*ਪ੍ਰਮਾਣ :*

***ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥***

*(ਅੰਗ ੬੬੨)*

ਪਰ ਪ੍ਰਭੂ ਦੇ ਗੁਣ ਵੀ ਉਹੀ ਬੰਦਾ ਗਾ ਸਕਦਾ ਹੈ ਜਿਸਨੂੰ ਉਹ ਆਪ ਗੁਣ ਗਾਉਣ ਦਾ ਬਲ ਬਖਸ਼ੇ।

*ਪ੍ਰਮਾਣ :*

***ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥***

*(ਅੰਗ ੧)*

ਇਸ ਲਈ ਉਸ ਮਾਲਕ ਦੇ ਚਰਨਾਂ ਵਿੱਚ ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਪ੍ਰਭੂ! ਕ੍ਰਿਪਾ ਕਰ ਦਿਨ-ਰਾਤ ਤੇਰੇ ਗੁਣ ਗਾਉਣ ਦਾ ਮੇਰੇ ਅੰਦਰ ਚਾਅ ਬਣਿਆ ਰਹੇ।

*ਪ੍ਰਮਾਣ :*

***ਗੁਣ ਗਾਵਾ ਦਿਨੁ ਰਾਤਿ***
***ਨਾਨਕ ਚਾਉ ਏਹੁ ॥੮॥੨॥੫॥੧੬॥***

*(ਅੰਗ ੭੬੨)*

ਉਸ ਪ੍ਰਭੂ ਦੇ ਗੁਣ ਗਾਉਣ ਦਾ ਏਨਾ ਭਾਰੀ ਮਹਾਤਮ ਵੇਖ ਕੇ ਵੀ ਜੇ ਤੂੰ ਉਸਦੇ ਗੁਣ ਨਹੀਂ ਗਾਏ ਤਾਂ ਜਨਮ ਸਮਝ ਲਈ ਤੂੰ ਨਿਸਫਲ ਕਰ ਲਿਆ।

***ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥***

*(ਅੰਗ ੧੪੨੬)*

ਫਿਰ ਸਤਿਗੁਰੂ ਜੀ ਆਖਦੇ ਹਨ ਹੇ ਮੇਰੇ ਮਨ! ਤੂੰ ਹਰੀ ਨੂੰ ਇਸ ਤਰ੍ਹਾਂ ਸਿਮਰ ਜਿਸ ਤਰ੍ਹਾਂ ਪਾਣੀ ਨੂੰ ਮੱਛੀ। ਹੁਣ ਸੋਚਣ ਵਾਲੀ ਗੱਲ ਹੈ ਕੱਛੂਕਮਾ ਤੇ ਡੱਡੂ ਵੀ ਪਾਣੀ ਵਿੱਚ ਰਹਿਣ ਵਾਲੇ ਹੀ ਜੀਵ ਹਨ ਪਰ ਗੁਰਬਾਣੀ ਨੇ ਮੱਛੀ ਤੇ ਪਾਣੀ ਦੀ ਹੀ ਪ੍ਰੀਤ ਵਰਣਨ ਕਿਉਂ ਕੀਤੀ ਹੈ?

*ਪ੍ਰਮਾਣ :*

***ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ***
***ਜੈਸੀ ਮਛੁਲੀ ਨੀਰ ॥***

*(ਅੰਗ ੬੦)*

ਇਹ ਇਸ ਲਈ ਕਿ ਜੇ ਕਿਤੇ ਤਲਾਬ ਸੁੱਕ ਜਾਵੇ ਤਾਂ ਕੱਛੂਕਮਾ ਤੇ ਡੱਡੂ ਇਹ ਪਾਣੀ ਤੋਂ ਬਗੈਰ ਵੀ ਰਹਿ ਸਕਦੇ ਹਨ ਜਾਂ ਤਲਾਬ ਨੂੰ ਛੱਡ ਕੇ ਹੋਰ ਜਗ੍ਹਾ ਚਲੇ ਜਾਂਦੇ ਹਨ ਪਰ ਮੱਛੀ ਤਲਾਬ ਸੁੱਕਣ ਤੇ ਛੱਡ ਕੇ ਕਿਤੇ ਨਹੀਂ ਜਾਂਦੀ, ਆਪਣੇ ਪ੍ਰਾਣ ਹੀ ਛੱਡ ਦਿੰਦੀ ਹੈ।

*ਪ੍ਰਮਾਣ :*

***ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ ॥***

*(ਅੰਗ ੭੫੯)*

ਮੱਛੀ ਦਾ ਪਾਣੀ ਨਾਲ ਇੰਨਾ ਪਿਆਰ ਹੁੰਦਾ ਹੈ ਕਿ ਵੇਖੋ ਮਛੇਰਾ ਉਸਨੂੰ ਪਕੜ ਕੇ ਦੋ ਫਾੜ ਕਰਦਾ ਹੈ ਫਿਰ ਛੋਟਾ-ਛੋਟਾ ਕਰਕੇ ਕਈ ਤਰੀਕਿਆਂ ਨਾਲ ਰਿੰਨਦਾ ਹੈ ਤਾਂ ਵੀ ਪਾਣੀ ਦੀ ਲੋੜ ਪੈਂਦੀ ਹੈ ਫਿਰ ਦੰਦਾਂ ਨਾਲ ਖੰਡ-ਖੰਡ (ਟੁਕੜੇ-ਟੁਕੜੇ) ਕਰਕੇ ਚਿੱਥ-ਚਿੱਥ ਕੇ ਖਾ ਲੈਂਦਾ ਹੈ ਫਿਰ ਵੀ ਮੱਛੀ ਪਾਣੀ ਨੂੰ ਨਹੀਂ ਭੁੱਲਦੀ। ਮੱਛੀ ਖਾਣ ਵਾਲੇ ਨੂੰ ਬਾਰ-ਬਾਰ ਪਿਆਸ ਲੱਗਦੀ ਹੈ ਤੇ ਉਹ ਬਾਰ-ਬਾਰ ਪਾਣੀ ਪੀਂਦਾ ਹੈ।

*ਪ੍ਰਮਾਣ :*

***ਮੀਨੁ ਪਕਰਿ ਫਾਂਕਿਓ ਅਰੁ ਕਾਟਿਓ***
***ਰਾਂਧਿ ਕੀਓ ਬਹੁ ਬਾਨੀ ॥***
***ਖੰਡ ਖੰਡ ਕਰਿ ਭੋਜਨੁ ਕੀਨੋ***

*ਤਊ ਨ ਬਿਸਰਿਓ ਪਾਨੀ ॥੨॥*

*(ਅੰਗ ੬੫੮)*

ਇਸ ਲਈ ਸਤਿਗੁਰੂ ਜੀ ਕਹਿੰਦੇ ਹਨ ਪ੍ਰਮਾਤਮਾ ਦਾ ਭਜਨ ਕਰਿਆ ਕਰ ਤੇ ਉਸਨੂੰ ਜ਼ਿੰਦਗੀ ਦਾ ਆਸਰਾ ਇਸ ਤਰ੍ਹਾਂ ਬਣਾ ਜਿਵੇਂ ਪਾਣੀ ਨੂੰ ਮੱਛੀ ਆਪਣੀ ਜਿੰਦ ਦਾ ਆਸਰਾ ਬਣਾਈ ਰੱਖਦੀ ਹੈ।

*ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥*

*(ਅੰਗ ੧੪੨੬)*

❀❀❀

## ਨੌਵੇਂ ਪਾਤਸ਼ਾਹ ਜੀ ਦਾ ਦੂਸਰਾ ਸਲੋਕ :

*ਬਿਖਿਅਨ ਸਿਉ ਕਾਹੇ ਰਚਿਓ*
*ਨਿਮਖ ਨ ਹੋਹਿ ਉਦਾਸੁ ॥*
*ਕਹੁ ਨਾਨਕ ਭਜੁ ਹਰਿ ਮਨਾ*
*ਪਰੈ ਨ ਜਮ ਕੀ ਫਾਸ ॥੨॥*

*(ਅੰਗ ੧੪੨੬)*

ਦੂਸਰੇ ਸਲੋਕ ਵਿੱਚ ਨੌਵੇਂ ਪਾਤਸ਼ਾਹ ਜੀ ਕਹਿੰਦੇ ਹਨ ਕਿ ਹੇ ਜੀਵ! ਤੂੰ ਵਿਸ਼ਿਆ ਨਾਲ ਕਿਉਂ ਰਚ ਰਿਹਾ ਹੈਂ। ਇੱਕ ਪਲ ਭਰ ਵੀ ਉਨ੍ਹਾਂ ਤੋਂ ਪਰ੍ਹੇ ਨਹੀਂ ਹੁੰਦਾ। ਹੇ ਮਨ! ਹਰੀ ਦਾ ਸਿਮਰਨ ਕਰ ਤਾਂ ਕਿ ਅੰਤ ਸਮੇਂ ਤੇਰੇ ਗਲ ਵਿੱਚ ਜਮਾਂ ਦੀ ਫਾਹੀ ਨਾ ਪਵੇ।

ਕੁਦਰਤ ਦੇ ਨਿਯਮ ਅਨੁਸਾਰ ਵਿਸ਼ੇ ਭੋਗਾਂ ਵਿੱਚੋਂ ਅਨੇਕ ਪ੍ਰਕਾਰ ਦੇ ਸਰੀਰਿਕ ਅਤੇ ਆਤਮਿਕ ਰੋਗ ਲੱਗ ਜਾਂਦੇ ਹਨ। ਕਾਮਵਸ ਵਿਸ਼ਈ ਮਨੁੱਖ ਦੀਆਂ ਭਾਵੇਂ ਕਿਤਨੀਆਂ ਹੀ ਇਸਤਰੀਆਂ ਹੋਣ, ਪਰਾਏ ਘਰ ਵੱਲ ਉਸਦੀ ਮੰਦੀ ਨਿਗਾਹ ਫਿਰ ਵੀ ਨਹੀਂ ਹੱਟਦੀ। ਉਹ ਵਿਸ਼ੇ ਪਾਪ ਕਰਦਾ ਹੈ ਤੇ ਪਛਤਾਂਦਾ ਹੈ ਜਿਸ ਨਾਲ ਉਸਦਾ ਆਤਮਿਕ ਜੀਵਨ ਸੁੱਕਦਾ ਜਾਂਦਾ ਹੈ।

*ਪ੍ਰਮਾਣ :*

*ਕਾਮਵੰਤ ਕਾਮੀ ਬਹੁ ਨਾਰੀ*
*ਪਰ ਗ੍ਰਿਹ ਜੋਹ ਨ ਚੂਕੈ ॥*
*ਦਿਨ ਪ੍ਰਤਿ ਕਰੈ ਕਰੈ ਪਛੁਤਾਪੈ*
*ਸੋਗ ਲੋਭ ਮਹਿ ਸੂਕੈ ॥੩॥*

*(ਅੰਗ ੬੭੨)*

ਜੋ ਮਨੁੱਖ ਸੁੱਖ ਅਤੇ ਖੁਸ਼ੀ ਸਮੇਂ ਭੋਗ ਵਿਲਾਸ ਕਰਦਾ ਹੈ। ਉਹ ਕਰਮ ਹੀ ਸਮਾਂ ਪਾ ਕੇ ਦੁੱਖ ਦਾ ਰੂਪ ਧਾਰਨ ਕਰਕੇ ਸਾਹਮਣੇ ਆ ਖਲੋਂਦੇ ਹਨ।

*ਪ੍ਰਮਾਣ :*

*ਸੇ ਦੂਖ ਆਗੈ ਜਿ ਭੋਗ ਬਿਲਾਸੇ ॥*

*(ਅੰਗ ੧੨੭੫)*

ਸੰਤ ਬਾਬਾ ਹਰਨਾਮ ਸਿੰਘ ਜੀ ਜਿਆਣ ਵਾਲੇ ਛੋਟੇ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਹੁੰਦੇ ਸਨ। ਇੱਕ ਦਿਨ ਮਹਾਂਪੁਰਖ ਆਪਣੀ ਮੌਜ ਵਿੱਚ ਬਾਹਰ ਜੰਗਲ ਵੱਲ ਤੁਰ ਪਏ ਜਿੱਥੇ ਬੱਚੇ ਤੇ ਵੱਡੇ ਆਦਮੀ ਪਸ਼ੂ ਚਾਰਦੇ ਹੁੰਦੇ ਸਨ। ਉਹ ਬੱਚਿਆਂ ਨਾਲ ਹਾਸ ਬਿਲਾਸ ਦੇ ਬਚਨ ਕਰ ਹੀ ਰਹੇ ਸਨ ਕਿ ਇੱਕ ਸਾਨ੍ਹ ਬੜ੍ਹਕਾਂ ਮਾਰਦਾ ਮਹਾਂਪੁਰਖਾਂ ਵੱਲ ਆ ਰਿਹਾ ਸੀ। ਇਹ ਵੇਖ ਕੇ ਸਾਰੇ ਬੱਚੇ ਦਰੱਖਤਾਂ ਤੇ ਚੜ੍ਹ ਗਏ ਤੇ ਬਜ਼ੁਰਗ ਵੱਡੇ ਦਰੱਖਤਾਂ ਦੇ ਓਹਲੇ ਹੋ ਗਏ ਪਰ ਮਹਾਂਪੁਰਖ ਅਡੋਲ ਖੜ੍ਹੇ ਰਹੇ।

ਜਦੋਂ ਸਾਨ੍ਹ ਮਹਾਂਪੁਰਖਾਂ ਦੇ ਨੇੜੇ ਆਇਆ ਤਾਂ ਉਹ ਹੋਰ ਉੱਚੀ ਬੜ੍ਹਕਾਂ ਮਾਰਨ ਲੱਗ ਪਿਆ। ਮਹਾਂਪੁਰਖ ਸਾਨ੍ਹ ਨੂੰ ਸੰਬੋਧਨ ਕਰਕੇ ਕਹਿਣ ਲੱਗੇ, "ਉਹ ਭਲਿਆ! ਤੂੰ ਭਲਾ ਮਾਣਸ ਬਣ, ਪਿਛਲੇ ਜਨਮ ਵਿੱਚ ਤੂੰ ਵਿਸ਼ੇ ਭੋਗਦਾ ਰਜਿਆ ਨਹੀਂ? ਤੈਨੂੰ ਵਿਸ਼ੇ ਭੋਗਣ ਕਰਕੇ ਮਾਨਸ ਦੇਹ ਤੋਂ ਪਸ਼ੂ ਜੂਨੀ ਮਿਲੀ ਹੈ। ਹੁਣ ਤਾਂ ਕੁਝ ਸ਼ਰਮ ਕਰ। ਇਸ ਜੂਨ ਵਿੱਚ ਵੀ ਤੂੰ ਰੱਜ ਕੇ ਵਿਸ਼ੇ ਭੋਗ ਲਏ ਹਨ। ਦੱਸ ਇਨ੍ਹਾਂ ਵਿੱਚੋਂ ਤੈਂ ਕੀ ਖੱਟਿਆ ਹੈ?"

*ਪ੍ਰਮਾਣ :*

*ਅਨਿਕ ਭੋਗ ਬਿਖਿਆ ਕੇ ਕਰੈ ॥*
*ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥*

*(ਅੰਗ ੨੭੯)*

ਅਖੀਰ ਸਾਨ੍ਹ ਨੇ ਮਹਾਂਪੁਰਖਾਂ ਵੱਲ ਵੇਖ ਕੇ ਨੀਵੀਂ ਪਾ ਲਈ ਤੇ ਉਸ ਤੋਂ ਬਾਅਦ ਉਹਨੇ ਬਾਕੀ ਪਸ਼ੂਆਂ ਨੂੰ ਤੰਗ ਕਰਨਾ ਛੱਡ ਦਿੱਤਾ। ਸ਼ੇਖ ਫਰੀਦ ਜੀ ਵੀ ਕਹਿੰਦੇ ਹਨ ਸੰਸਾਰ ਦੇ ਭੋਗ ਤਾਂ ਇਸ ਤਰ੍ਹਾਂ ਹਨ ਜਿਸ ਤਰ੍ਹਾਂ ਜ਼ਹਿਰ ਤੇ ਉੱਪਰ ਖੰਡ ਦਾ ਗਿਲਾਫ ਚੜ੍ਹਿਆ ਹੋਵੇ।

*ਪ੍ਰਮਾਣ :*

***ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥***

*(ਅੰਗ ੧੩੭੯)*

ਜਿਸ ਮਨੁੱਖ ਨੇ ਸਾਰੀ ਜ਼ਿੰਦਗੀ ਵਿਸ਼ੇ ਵਿਕਾਰਾਂ ਵਿੱਚ ਗਾਲ ਲਈ ਤੇ ਪ੍ਰਭੂ ਦਾ ਸਿਮਰਨ ਕਦੇ ਵੀ ਨਾ ਕੀਤਾ ਉਹ ਸਮਾਂ ਖੁੰਝ ਜਾਣ ਤੇ ਵੀ ਕੁਝ ਨਹੀਂ ਕਰ ਸਕਦਾ।

*ਪ੍ਰਮਾਣ :*

***ਮਾਰੂ ਮਹਲਾ ੯ ॥***
***ਅਬ ਮੈ ਕਹਾ ਕਰਉ ਰੀ ਮਾਈ ॥***
***ਸਗਲ ਜਨਮੁ ਬਿਖਿਅਨ ਸਿਉ ਖੋਇਆ***
***ਸਿਮਰਿਓ ਨਾਹਿ ਕਨ੍ਾਈ ॥੧॥ ਰਹਾਉ ॥***

*(ਅੰਗ ੧੦੦੮)*

ਪੰਜਵੇਂ ਪਾਤਸ਼ਾਹ ਜੀ ਕਹਿੰਦੇ ਹਨ ਜਿਵੇਂ ਅੱਗ ਬਾਲਣ ਨਾਲ ਨਹੀਂ ਰੱਜਦੀ ਇਸੇ ਤਰ੍ਹਾਂ ਵਾਸ਼ਨਾ ਭਾਵੇਂ ਵਿਸ਼ਿਆਂ ਦੀ ਹੋਵੇ ਭਾਵੇਂ ਮਾਇਆ ਦੀ ਹੋਵੇ ਪ੍ਰਭੂ ਦੇ ਨਾਮ ਬਿਨਾਂ ਤ੍ਰਿਪਤੀ ਨਹੀਂ ਹੁੰਦੀ।

*ਪ੍ਰਮਾਣ :*

***ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ॥***
***ਜਿਉ ਪਾਵਕੁ ਈਧਨਿ ਨਹੀ ਧ੍ਰਾਪੈ***
***ਬਿਨੁ ਹਰਿ ਕਹਾ ਅਘਾਈ ॥ ਰਹਾਉ ॥***

*(ਅੰਗ ੬੭੨)*

ਦੁਨਿਆਵੀਂ ਵਿਸ਼ੇ ਵਿਕਾਰ ਇਸ ਤਰ੍ਹਾਂ ਹਨ ਜਿਵੇਂ ਕੋਹੜੀ ਦਾ ਖ਼ੂਨ ਮਿੱਠਾ ਹੁੰਦਾ ਹੈ ਜੋਕ ਲੱਗ ਜਾਵੇ ਤਾਂ ਬੜੇ ਸ਼ੌਕ ਨਾਲ ਪੀਂਦੀ ਹੈ। ਪਰ ਜ਼ਹਿਰੀਲਾ ਹੋਣ ਕਰਕੇ ਬਾਅਦ ਵਿੱਚ ਤੜਫ-ਤੜਫ ਕੇ ਮਰ ਜਾਂਦੀ ਹੈ। ਪ੍ਰਮੇਸ਼ਰ ਦੀ ਚਾਹਤ ਤੋਂ ਬਗੈਰ ਵਿਸ਼ੇ-ਵਿਕਾਰ ਵਿੱਚ ਜੀਵਣਾ ਤਾਂ ਇਸ ਤਰ੍ਹਾਂ ਹੈ ਜਿਵੇਂ ਜੋਕ ਵਾਸਤੇ ਕੋਹੜੀ ਦਾ ਖ਼ੂਨ।

*ਪ੍ਰਮਾਣ :*

***ਸਿਆਮ ਸੁੰਦਰ ਤਜਿ ਆਨ ਜੁ ਚਾਹਤ***
***ਜਿਉ ਕੁਸਟੀ ਤਨਿ ਜੋਕ ॥***

*(ਅੰਗ ੧੨੫੩)*

ਇਸ ਲਈ ਨੌਵੇਂ ਪਾਤਸ਼ਾਹ ਕਹਿੰਦੇ ਹਨ। ਜਦੋਂ ਜੀਵ ਗੁਰੂ ਦੀ ਸ਼ਰਨ ਪੈਂਦਾ ਹੈ ਉਦੋਂ ਇਸ ਦੀ ਸਾਰੀ ਖੋਟੀ ਮਤਿ ਨਾਸ਼ ਹੋ ਜਾਂਦੀ ਹੈ। ਫਿਰ ਇਹ ਸਾਰੀਆਂ ਮਨੋ ਕਾਮਨਾ ਪੂਰੀਆਂ ਕਰਨ ਵਾਲੇ ਪਰਮਾਤਮਾ ਨੂੰ ਸਿਮਰਦਾ ਹੈ ਤਾਂ ਇਸ ਦੀ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ।

*ਪ੍ਰਮਾਣ :*

***ਜਬ ਹੀ ਸਰਨਿ ਸਾਧ ਕੀ ਆਇਓ***
***ਦੁਰਮਤਿ ਸਗਲ ਬਿਨਾਸੀ ॥***
***ਤਬ ਨਾਨਕ ਚੇਤਿਓ ਚਿੰਤਾਮਨਿ***
***ਕਾਟੀ ਜਮ ਕੀ ਫਾਸੀ ॥੩॥੭॥***

*(ਅੰਗ ੬੩੩)*

ਜਿਸ ਜੀਵ ਦਾ ਮਨ ਸਿਮਰਨ ਵਿੱਚ ਲੱਗ ਜਾਂਦਾ ਹੈ। ਜਮ ਉਸ ਕੋਲੋਂ ਲੱਜਾਵਾਨ (ਸ਼ਰਮਸਾਰ) ਹੋ ਕੇ ਭੱਜ ਜਾਂਦਾ ਹੈ।

*ਪ੍ਰਮਾਣ :*

***ਰਾਮ ਨਾਮਿ ਮਨੁ ਲਾਗਾ ॥***
***ਜਮੁ ਲਜਾਇ ਕਰਿ ਭਾਗਾ ॥੧॥***

*(ਅੰਗ ੬੨੬)*

ਇਸ ਲਈ ਨੌਵੇਂ ਪਾਤਸ਼ਾਹ ਜੀ ਕਹਿੰਦੇ ਹਨ, "ਹੇ ਮਨ! ਹਰੀ ਦਾ ਭਜਨ ਕਰ ਲੈ, ਅੰਤ ਵੇਲੇ ਤੇਰੇ ਗਲ ਜਮਾਂ ਦੀ ਫਾਹੀ ਨਹੀਂ ਪਵੇਗੀ।"

*-ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ*

# ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾਸਤਾਨ

**ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ (ਵੀ.ਸੀ.ਡੀ. 431)**

*—ਜਸਵਿੰਦਰ ਸਿੰਘ (ਪਟਿਆਲਾ)*

*ਸੋਰਠਿ ਮਹਲਾ ੫ ॥*
*ਹਰਿ ਮਨਿ ਤਨਿ ਵਸਿਆ ਸੋਈ ॥*
*ਜੈ ਜੈ ਕਾਰੁ ਕਰੇ ਸਭੁ ਕੋਈ ॥*
*ਗੁਰ ਪੂਰੇ ਕੀ ਵਡਿਆਈ ॥*
*ਤਾ ਕੀ ਕੀਮਤਿ ਕਹੀ ਨ ਜਾਈ ॥੧॥*
*ਹਉ ਕੁਰਬਾਨੁ ਜਾਈ ਤੇਰੇ ਨਾਵੈ ॥*
*ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ*
*ਸੋ ਜਸੁ ਤੇਰਾ ਗਾਵੈ ॥੧॥ ਰਹਾਉ ॥*
*ਤੂੰ ਭਾਰੋ ਸੁਆਮੀ ਮੇਰਾ ॥*
*ਸੰਤਾਂ ਭਰਵਾਸਾ ਤੇਰਾ ॥*
*ਨਾਨਕ ਪ੍ਰਭ ਸਰਣਾਈ ॥*
*ਮੁਖਿ ਨਿੰਦਕ ਕੈ ਛਾਈ ॥੨॥੨੨॥੮੬॥*

*(ਅੰਗ ੬੨੯)*

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਿਆਰ ਸਤਿਕਾਰ ਵਿੱਚ ਭਿੱਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ। ਸਾਹਿਬਜ਼ਾਦਿਆਂ ਦੇ ਸ਼ਹੀਦੀ ਦੇ ਦਿਨ ਨੇੜੇ ਆ ਰਹੇ ਹਨ ਯਤਨ ਕਰਨਾ ਹੈ, ਹਰ ਪਲ ਸਾਂਈਂ ਦੀ ਯਾਦ ਵਿੱਚ ਰਵ੍ਹੇ ਪਰ ਇਨ੍ਹਾਂ ਦਿਨਾਂ ਵਿੱਚ ਨਿਤਨੇਮ ਨੂੰ ਹੋਰ ਵਧਾਉਣਾ ਹੈ। ਪਿਤਾ ਜੀ ਨਾਲ ਇੰਨਾ ਪਿਆਰ ਕਰਨਾ ਹੈ, ਆਪਣੇ ਜੀਵਨ ਚੋਂ ਕੋਈ ਨਾ ਕੋਈ ਔਗੁਣ ਛੱਡਣ ਦਾ ਯਤਨ ਕਰਨਾ ਹੈ। ਦਾਸ ਦੀ ਸੰਗਤ ਨੂੰ ਬੇਨਤੀ ਹੈ, ਚਾਰ ਸਾਹਿਬਜ਼ਾਦੇ ਬੜੇ ਹੀ ਪ੍ਰਸੰਨ ਹੋਣਗੇ ਕਿ ਆਪਣੇ ਮਨ ਵਿੱਚ ਹੀ ਸੋਚ ਲਓ ਕਿ ਇਨ੍ਹਾਂ ਦਿਹਾੜਿਆਂ ਉੱਤੇ ਕੋਈ ਇੱਕ ਔਗੁਣ ਜ਼ਰੂਰ ਛੱਡਣਾ ਹੈ।

ਇੱਕ ਸਮਾਗਮ 'ਚ ਸੰਗਤ ਵਿੱਚ ਕਿਤੇ 15 ਬੱਚੇ ਬੈਠੇ ਸੀ, ਇੱਕ ਸਰੀਰ ਦੀ ਪ੍ਰੇਰਨਾ ਨਾਲ। ਉਸ ਸਰੀਰ ਨੇ ਫਿਰ ਦਾਸ ਨੂੰ ਉਨ੍ਹਾਂ 15 ਬੱਚਿਆਂ ਦੀ ਕਾਪੀ ਵਿਖਾਈ। ਕਿਸੇ ਬੱਚੇ ਨੇ ਲਿਖਿਆ ਸੀ, ਅੱਜ ਤੋਂ ਬਾਅਦ ਆਪਣੇ ਮਾਂ-ਪਿਓ ਨਾਲ ਕ੍ਰੋਧ ਨਾਲ ਨਹੀਂ ਬੋਲਾਂਗਾ ਤੇ ਥੱਲੇ ਬੱਚੇ ਨੇ ਸਾਈਨ ਕੀਤੇ ਸੀ। ਕਿਸੇ ਨੇ ਲਿਖਿਆ ਸੀ ਮੈਂ ਛੇ ਦਿਨ ਪਾਠ ਕਰਦਾ ਹਾਂ ਤੇ ਸੱਤਵੇਂ ਦਿਨ ਪਾਠ ਨਹੀਂ ਕਰਦਾ, ਹੁਣ ਮੈਂ ਸੱਤੇ ਦਿਨ ਨਿਤਨੇਮ ਕਰਿਆ ਕਰਾਂਗਾ। ਉਹ ਬੱਚੇ ਵੀ ਇਹੋ ਜਿਹੇ ਸੀ, ਪੰਦਰਾਂ ਕੁ ਮਿੰਟ ਸਮਾਂ ਵੀ ਸਟੇਜ ਤੇ ਸੀ। ਕਿਸੇ ਬੱਚੇ ਨੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਦੇ ਅਰਥ ਕੀਤੇ, ਕਿਸੇ ਨੇ ਦੂਜੀ ਪਉੜੀ ਦੇ, ਕਿਸੇ ਨੇ ਤੀਜੀ ਪਉੜੀ ਦੇ ਅਰਥ ਕੀਤੇ। ਮਨ ਨੂੰ ਬੜੀ ਖੁਸ਼ੀ ਹੋਈ ਕਿ ਅਸਲੀ ਦਿਹਾੜੇ ਇਹ ਮਨਾਏ ਹਨ ਕਿ ਇਨ੍ਹਾਂ ਦਿਨਾਂ ਵਿੱਚ ਕੋਈ ਨਾ ਕੋਈ ਔਗੁਣ ਸਾਡੇ ਜੀਵਨ ਵਿੱਚੋਂ ਜ਼ਰੂਰ ਨਿਕਲ ਜਾਵੇ। ਜੇ ਔਗੁਣ ਸਦਾ ਲਈ ਨਹੀਂ ਨਿਕਲਿਆ। ਜਿਵੇਂ ਵੀ ਬਿੱਧ ਬਣ ਜਾਵੇ, ਇੱਕ ਮਹੀਨੇ ਲਈ ਅਰਦਾਸ ਕਰ ਦਿਓ, ਮਹਾਰਾਜ ਜੀ! ਇੱਕ ਮਹੀਨਾ ਮੈਂ ਕ੍ਰੋਧ ਨਹੀਂ

ਕਰਾਂਗੀ। ਪਤਾ ਨਹੀਂ ਇੱਕ ਮਹੀਨੇ ਦਾ ਲਗਾਇਆ ਹੋਇਆ ਆਪਣੇ ਤੇ ਇਹ ਬੈਨ ਕੀ ਪਤਾ ਸਦਾ-ਸਦਾ ਲਈ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ, ਤੇਰੀ ਝੋਲੀ ਭਰ ਦੇਣ। ਸਦਾ-ਸਦਾ ਲਈ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ, ਤੇਰੀ ਝੋਲੀ ਭਰ ਦੇਣ। ਕਿਉਂਕਿ ਗੁਰੂ ਕੇ ਲਾਲ, ਸਾਹਿਬਜ਼ਾਦਿਆਂ ਕੋਲ ਦਰਗਾਹ ਦੀਆਂ ਚਾਬੀਆਂ ਹਨ। ਇਹ ਉਹ ਦਿਹਾੜੇ ਹਨ, ਪਹਿਲਾਂ ਪਹਿਲ ਬਜ਼ੁਰਗ ਇਨ੍ਹਾਂ ਦਿਹਾੜਿਆਂ ਤੇ ਮੰਜਿਆਂ ਤੇ ਅਰਾਮ ਨਹੀਂ ਸਨ ਕਰਦੇ, ਭੁੰਝੇ ਜ਼ਮੀਨ ਤੇ ਲੇਟਦੇ ਸੀ। ਪੁਰਾਣੇ ਬਜ਼ੁਰਗ ਇਨ੍ਹਾਂ ਦਿਹਾੜਿਆਂ ਤੇ ਤਰ੍ਹਾਂ-ਤਰ੍ਹਾਂ ਦੇ ਸੁਆਦੀ ਪਦਾਰਥ ਨਹੀਂ ਸੀ ਛਕਦੇ। ਇੱਥੋਂ ਤੱਕ ਕਿ ਵਿਆਹ ਦੀਆਂ ਡੇਟਾਂ ਵੀ ਇਨ੍ਹਾਂ ਦਿਨਾਂ ਵਿੱਚ ਸੰਕੋਚ ਕੀਤਾ ਜਾਂਦਾ ਸੀ। ਇਨ੍ਹਾਂ ਦਿਨਾਂ ਵਿੱਚ ਆਪਾਂ ਸਾਰਿਆਂ ਨੇ ਨੇਮ ਵੀ ਵੱਧ ਕਰਨਾ ਹੈ ਤੇ ਨਾਲ ਕੋਸ਼ਿਸ਼ ਕਰਿਓ ਭਾਵੇਂ ਇੱਕ ਔਗੁਣ ਹੀ ਛੱਡ ਦੇਈਏ ਤਾਂ ਵੀ ਸਾਨੂੰ ਚਾਰ ਸਾਹਿਬਜ਼ਾਦਿਆਂ ਦੀਆਂ ਖੁਸ਼ੀਆਂ ਮਿਲ ਜਾਣਗੀਆਂ।

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਦੋ ਤਰ੍ਹਾਂ ਦੀਆਂ ਫੌਜਾਂ ਦਾ ਘੇਰਾ ਸੀ, ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿੱਚ। ਮੁਗਲ ਫੌਜਾਂ ਤੇ ਪਹਾੜੀ ਰਾਜੇ। ਮੁਗਲ ਫੌਜਾਂ ਨੇ ਕੁਰਾਨ ਦੀ ਕਸਮ ਖਾਧੀ ਤੇ ਪਹਾੜੀ ਰਾਜਿਆਂ ਨੇ ਆਟੇ ਦੀ ਗਊ ਬਣਾ ਕੇ ਕਸਮ ਖਾਧੀ ਕਿ ਆਪ ਜੀ ਕਿਲ੍ਹਾ ਛੱਡ ਦਿਓ। ਜਿੱਥੇ ਮਰਜ਼ੀ ਚਾਹੋ ਜਾ ਸਕਦੇ ਹੋ। ਉਹ ਕਸਮਾਂ ਝੂਠੀਆਂ ਨਿਕਲੀਆਂ। ਅੰਦਾਜ਼ਨ 20 ਦਸੰਬਰ ਦੇ ਕਰੀਬ ਡੇਟ ਬਣਦੀ ਹੈ। ਮਹਾਰਾਜ ਜੀ ਨੇ ਪੰਜ ਸਿੰਘਾਂ ਦੀ ਬੇਨਤੀ ਸੁਣਨ ਤੇ ਕਿਲ੍ਹਾ ਛੱਡਿਆ। ਕਹਿੰਦੇ, ਕੀਮਤੀ ਵਸਤਾਂ ਉਨ੍ਹਾਂ ਦੀ ਢੇਰੀ ਲਗਾ ਕੇ ਅੱਗ ਲਗਾ ਦਿੱਤੀ ਗਈ। ਦੇਖੋ! ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਹੋ ਜਿਹੇ ਸਾਡੇ ਮਾਰਗ ਦਰਸ਼ਕ ਹਨ, ਉਨ੍ਹਾਂ ਦਾ ਇੱਕ-ਇੱਕ ਕਦਮ ਸਾਡੇ ਲਈ ਸੰਦੇਸ਼ ਹੈ, ਸਿੱਖਿਆ ਹੈ। ਅਵਾਜ਼ਾ ਦਿੱਤਾ। ਭਾਜੜ ਪੈ ਗਈ। ਦਸ ਲੱਖ ਦਾ ਘੇਰਾ, ਕੋਈ ਛੋਟਾ ਨਹੀਂ ਹੁੰਦਾ। ਜੰਗ ਦੀ ਸਕੀਮ ਸੀ ਕਿ ਭਾਈ ਉਦੈ ਸਿੰਘ ਜੀ ਅਤੇ ਭਾਈ ਜੀਵਨ ਸਿੰਘ ਜੀ ਸੰਭਾਲ ਰਹੇ ਹਨ, ਮੁਕਾਬਲਾ ਕਰ ਰਹੇ ਹਨ। ਮਹਾਰਾਜ ਜੀ ਬਾਕੀ ਸਿੰਘਾਂ ਨੂੰ ਨਾਲ ਲੈ ਕੇ ਸਰਸਾ ਪਾਰ ਕਰਨ ਲੱਗੇ। ਸਰਸਾ ਨਦੀ ਵੀ ਚੜ੍ਹੀ ਪਈ ਸੀ। ਜਦੋਂ ਸਰਸਾ ਟੱਪੀ ਕਿਤਨੇ ਕੀਮਤੀ ਗ੍ਰੰਥ, ਕੀਮਤੀ ਸਾਹਿਤ, ਕਿਤਨਾ ਹੀ ਕੁਝ ਸਰਸਾ ਦੀ ਭੇਟ ਚੜ੍ਹ ਗਿਆ, ਕਈ ਸਿੰਘ ਵੀ। ਹੁਣ ਇੱਥੇ ਵੇਖੋ ਗੁਰੂ ਸਾਹਿਬ ਨੇ ਜੰਗ ਦੇ ਮੈਦਾਨ ਵਿੱਚ ਵੀ ਸੰਦੇਸ਼ ਦਿੱਤਾ। ਕੀ? ਮਹਾਰਾਜ ਜੀ ਕਹਿੰਦੇ, ਭਾਈ ਦਇਆ ਸਿੰਘ ਜੀ, ਕੋਈ ਕੀਰਤਨੀਆ ਹੈ? ਹਾਂ ਜੀ ਮਹਾਰਾਜ ਜੀ! ਗੁਰੂ ਸਾਹਿਬ ਕਹਿੰਦੇ, ਅੰਮ੍ਰਿਤ ਵੇਲਾ ਹੋ ਗਿਆ। ਆਸਾ ਦੀ ਵਾਰ ਲਗਾਉਣੀ ਹੈ। ਸਤਿਗੁਰੂ ਜੀ, ਇਹ ਜੰਗ ਦਾ ਮੈਦਾਨ ਹੈ। ਦਾਸ ਗੱਲ ਛੋਟੀ ਕਰ ਰਿਹਾ ਹੈ ਤਾਂ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੱਕ ਆਪਾਂ ਪਹੁੰਚੀਏ। ਥੋੜ੍ਹੇ ਸਮੇਂ ਵਿੱਚ ਸਾਰਾ ਜ਼ਿਕਰ ਆ ਜਾਵੇ। ਸਤਿਗੁਰੂ ਜੀ ਕਹਿਣ ਲੱਗੇ ਭਾਈ ਦਇਆ ਸਿੰਘ ਜੀ ਕੀਰਤਨੀਆਂ ਨੂੰ ਕਹੋ ਆਸਾ ਦੀ ਵਾਰ ਆਰੰਭ ਕਰਨ। ਮਹਾਰਾਜ ਜੀ! ਇਹ ਜੰਗ ਦਾ ਮੈਦਾਨ ਹੈ। ਸਤਿਗੁਰੂ ਜੀ ਕਹਿਣ ਲੱਗੇ ਭਾਈ ਦਇਆ ਸਿੰਘ ਜੀ ਬਚਨ ਮੰਨੋ। ਅੱਧੇ ਸਿੰਘ ਪਹਿਰੇ ਖਲ੍ਹਾਰ ਦਿਓ। ਅੱਧੇ ਦੀਵਾਨ ਵਿੱਚ ਬਿਠਾ ਦਿਓ। ਸਤਿਗੁਰਾਂ ਦੇ ਹੁਕਮ ਅਨੁਸਾਰ ਆਸਾ ਦੀ ਵਾਰ ਲੱਗੀ। ਅੰਮ੍ਰਿਤ ਵੇਲੇ ਦਾ ਕੀਰਤਨ ਹੋਇਆ। ਪਿੱਛੋਂ ਪਹਾੜੀ ਰਾਜਿਆਂ ਅਤੇ ਮੁਗਲ ਫੌਜ ਨੇ ਹੱਲਾ ਬੋਲ ਦਿੱਤਾ ਜਿਸ ਕਾਰਨ ਪਹਿਰੇ ਤੇ

ਖੜ੍ਹੇ ਸਿੰਘਾਂ ਦੀ ਸ਼ਹੀਦੀ ਹੋ ਗਈ। ਕਹਿਣ ਤੋਂ ਭਾਵ ਇੰਨੇ ਮੁਸ਼ਕਲ ਸਮੇਂ ਵਿੱਚ ਵੀ, ਇੰਨੀਆਂ ਸ਼ਹੀਦੀਆਂ ਹੋਣ ਦੇ ਬਾਵਜੂਦ, ਪਰਿਵਾਰ ਵੀ ਵਿਛੜ ਗਿਆ ਪਰ ਅੰਮ੍ਰਿਤ ਵੇਲਾ ਗੁਰੂ ਸਾਹਿਬ ਨੇ ਖੁੰਝਣ ਨਹੀਂ ਦਿੱਤਾ। ਇਹ ਅੰਮ੍ਰਿਤ ਵੇਲਾ ਇੰਨੀ ਅਨਮੋਲ ਦਾਤ ਹੈ।

ਸੰਗਤ ਜੀ ਇਨਕਲਾਬ ਲਿਆਓ। ਭਾਵੇਂ ਚਾਰ ਸੁਰਾਂ ਹੀ ਸਿਖਾ ਦਿਓ, ਆਪਣੀਆਂ ਬੇਟੀਆਂ ਨੂੰ। ਚਾਰ ਸੁਰਾਂ ਤੇ ਹੀ ਆਸਾ ਜੀ ਦੀ ਵਾਰ ਸਿੱਧਾ ਜਿਹਾ ਕੀਰਤਨ ਚਾਹੇ ਸਿਖਾ ਦਿਓ। ਕਿਤੇ ਇਹੋ ਜਿਹਾ ਉਪਦੇਸ਼ ਆਪਣੀਆਂ ਧੀਆਂ ਨੂੰ ਦੇ ਦਿਓ, ਜਿੱਥੇ ਵਿਆਹ ਕੇ ਜਾਣਾ ਹੈ ਉੱਥੇ ਛੇ ਛੱਕੇ ਘੱਟੋ-ਘੱਟ, ਦੋ ਸ਼ਬਦ ਸਵੇਰੇ ਆਸਾ ਜੀ ਦੀ ਵਾਰ, ਸਤਿਗੁਰੂ ਜੀ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਕਮਰੇ ਵਿੱਚ ਸਤਿਗੁਰਾਂ ਦੇ ਸਨਮੁੱਖ ਹਾਜ਼ਰ-ਨਾਜ਼ਰ ਜਾਣ ਕੇ ਸਰਵਣ ਕਰਵਾਉਣੀ ਹੈ। ਦਾਸ ਸਮਝਦਾ ਹੈ ਕਿ ਇੱਕ ਨਵੇਂ ਸਮਾਜ ਦੀ ਸਿਰਜਣਾ ਹੋ ਜਾਵੇਗੀ। ਬਹੁਤ ਕੁਝ ਤੁਹਾਡੇ ਹੱਥ ਹੈ। ਘਰ ਸੱਚਖੰਡ ਬਣ ਜਾਵੇਗਾ, ਸਵਰਗ ਬਣ ਜਾਵੇਗਾ। ਜਿੱਥੇ ਤੁਹਾਡੀ ਬੇਟੀ ਵਿਆਹ ਕੇ ਜਾਵੇਗੀ ਉੱਥੇ ਅੰਮ੍ਰਿਤ ਵੇਲੇ ਕੀਰਤਨ ਸਰਵਣ ਕਰਵਾਏਗੀ, ਉਨ੍ਹਾਂ ਘਰਾਂ ਦੇ ਕਲੇਸ਼ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਆਪਣੇ ਚਰਨਾਂ ਵਿੱਚ ਹੀ ਲੈ ਲੈਣਗੇ। ਉਹ ਬੱਚੀਆਂ ਜਿਸ ਨੂੰ ਜਨਮ ਦੇਣਗੀਆਂ, ਉਹ ਬੱਚੀਆਂ ਜਿਨ੍ਹਾਂ ਰਾਹੀ ਜੀਅ, ਰੱਬ ਦੀ ਕੁਦਰਤ ਜੋ ਬਣੀ ਹੈ, ਧਰਤੀ ਤੇ ਆਉਣਗੇ, ਸਿੱਖੀ ਦੀ ਚੜ੍ਹਦੀ ਕਲਾ ਹੀ ਹੋਵੇਗੀ। ਇਹ ਬੀਬੀਆਂ, ਭੈਣਾਂ ਦੇ ਹੱਥ ਵਿੱਚ ਹੈ। ਜੰਗ ਦੇ ਮੈਦਾਨ ਵਿੱਚ ਵੀ ਪਿਤਾ ਜੀ ਨੇ ਅੰਮ੍ਰਿਤ ਵੇਲਾ ਨਹੀਂ ਛੱਡਿਆ। ਇਹ ਸਾਡਾ ਇਤਿਹਾਸ ਹੋਣ ਦੇ ਨਾਲ ਸਾਡੇ ਲਈ ਸਿੱਖਿਆ ਵੀ ਹੈ। ਪੜ੍ਹਿਓ ਜੀ ਪਿਆਰ ਨਾਲ:

***ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ॥***
***ਆਠ ਪਹਰ ਹਰਿ ਸਿਮਰਹੁ ਪ੍ਰਾਣੀ॥੨॥***
***(ਅੰਗ ੧੩੪੦)***

ਅਰਦਾਸ ਕਰਿਓ, ਸਮੇਂ ਮੁਤਾਬਿਕ ਦੂਜੇ ਫਰਜ਼ਾਂ ਦੇ ਨਾਲ-ਨਾਲ ਇਹ ਫਰਜ਼ ਵੀ ਸਤਿਗੁਰੂ ਸਾਥੋ ਨਿਭਾ ਲੈਣ। ਮੁੰਬਈ ਤੋਂ ਕੁਝ ਸਰੀਰ ਆਏ ਸੀ। ਉਨ੍ਹਾਂ ਨੇ ਦੋਵੇਂ ਬੇਟੀਆਂ ਆਪਣੀਆਂ ਲੰਡਨ ਪੜ੍ਹਾਉਣ ਲਈ ਭੇਜੀਆਂ ਹਨ। ਆਏ ਮਿਲਣ। ਬੱਚੀਆਂ ਨੂੰ ਦਾਸ ਨੇ ਕਿਹਾ ਕਿ ਲੰਡਨ ਜਾ ਕੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸਿੱਖੀ ਨੂੰ ਕਿਤੇ ਭੁੱਲ ਨਾ ਜਾਣਾ। ਇਹ ਨਾ ਹੋਵੇ ਕਿ ਕਲਗੀਧਰ ਪਿਤਾ ਜੀ ਛੋਟੇ ਨਜ਼ਰ ਆਉਣ ਲੱਗ ਪੈਣ, ਲੰਡਨ ਵੱਡਾ ਨਜ਼ਰ ਆਉਣ ਲੱਗ ਪਵੇ। ਦਾਸ ਨੇ ਫਿਰ ਬੇਨਤੀ ਕੀਤੀ ਕਿ ਲੰਡਨ ਜਾ ਕੇ ਵੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਚੁੰਨੀ ਨਾ ਭੁੱਲ ਜਾਣਾ। ਲੰਡਨ ਜਾ ਕੇ ਵੀ ਨਿਤਨੇਮ ਨਾ ਭੁੱਲ ਜਾਣਾ। ਉਨ੍ਹਾਂ ਦੇ ਮਾਤਾ-ਪਿਤਾ ਨੂੰ ਬੇਨਤੀ ਕੀਤੀ। ਦਾਸ ਨੇ ਪੁੱਛਿਆ ਕਿ ਬੇਟੀਆਂ ਨੂੰ ਹਫਤੇ ਵਿੱਚ ਇੱਕ ਵਾਰੀ ਫੋਨ ਕਰਦੇ ਹੋ ਕਿ ਰੋਜ਼ ਜਾਂ ਇੱਕ-ਦੋ ਵਾਰੀ। ਕਹਿੰਦੇ ਦੋ ਕੁ ਵਾਰੀ ਕਰਦੇ ਹਾਂ। ਦਾਸ ਨੇ ਕਿਹਾ ਕਿ ਜਦੋਂ ਦੋ ਵਾਰੀ ਫੋਨ ਕਰਦੇ ਹੋ, ਕੀ ਪੁੱਛਦੇ ਹੋ? ਕਹਿੰਦੇ ਹਾਲ-ਚਾਲ ਪੁੱਛਦੇ ਹਾਂ, ਪੜ੍ਹਾਈ ਬਾਰੇ ਪੁੱਛਦੇ ਹਾਂ, ਟੀਚਰਾਂ ਬਾਰੇ, ਸਿਹਤ ਬਾਰੇ। ਦਾਸ ਨੇ ਕਿਹਾ ਕਿ ਇੱਕ ਕਾਪੀ ਵੱਖਰੀ ਲਗਾ ਲਓ। ਜਿੱਥੇ ਹਫਤੇ ਵਿੱਚ ਦੋ ਵਾਰੀ ਫੋਨ ਕਰਕੇ ਬੱਚੀਆਂ ਨੂੰ ਸਿਹਤ ਬਾਰੇ, ਪੜ੍ਹਾਈ ਬਾਰੇ ਪੁੱਛਣਾ ਹੈ ਤੇ ਨਾਲ ਇਹ ਵੀ ਪੁੱਛਣਾ ਹੈ, ਕਿਹੜੇ ਦਿਨ ਕਿਹੜੀ-ਕਿਹੜੀ ਬਾਣੀ ਪੜ੍ਹੀ ਹੈ। ਤੁਸੀਂ ਆਪਣੇ ਵੱਲੋਂ ਫਰਜ਼ ਨਿਭਾਓ। ਤੁਸੀਂ ਆਪਣੇ ਵੱਲੋਂ ਡਿਊਟੀ ਨਿਭਾਓ। ਇਸ ਦਾ ਬਹੁਤ ਅਸਰ ਹੁੰਦਾ ਹੈ। ਤੁਹਾਡੇ ਬੱਚੇ ਆਸਾ ਦੀ ਵਾਰ ਵਾਜੇ ਤੇ ਨਹੀਂ ਕਰ ਸਕਦੇ।

ਇਹੋ ਜਿਹੀ ਪ੍ਰੇਰਨਾ ਦਿਓ, ਭਾਵੇਂ ਗੁਟਕਾ ਸਾਹਿਬ ਤੋਂ ਜਾਂ ਜ਼ਬਾਨੀ ਬੈਠ ਕੇ ਸਤਿਗੁਰੂ ਜੀ ਨੂੰ ਸਰਵਣ ਕਰਵਾ ਦੇਣ ਤਾਂ ਵੀ ਉਨ੍ਹਾਂ ਦੀਆਂ ਹਾਜ਼ਰੀਆਂ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਇਹੋ ਜਿਹੀਆਂ ਪਿਆਰ ਭਰੀਆਂ ਲੱਗ ਜਾਣਗੀਆਂ ਕਿ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਤੁਹਾਡੇ ਬੱਚਿਆਂ ਦੇ ਕਈ ਕਲੇਸ਼, ਝਗੜੇ, ਮਾੜੇ ਕਰਮ ਨਿਬੇੜ ਦੇਣਗੇ। ਇਹ ਗੱਲਾਂ ਨਿੱਕੀਆਂ-ਨਿੱਕੀਆਂ ਹਨ ਪਰ ਜਦੋਂ ਤੁਸੀਂ ਆਪਣੇ ਬੇਟੇ, ਬੇਟੀ ਦੀ ਡਾਇਰੀ ਲਗਾਈ ਹੋਵੇਗੀ ਤੇ ਪੁੱਛੋਗੇ ਰਾਤ ਨੂੰ ਕਿ ਚੌਪਈ ਸਾਹਿਬ ਦੇ ਪੰਜ ਪਾਠ ਕੀਤੇ ਹਨ, ਦੋ ਪਾਠ ਜਪੁਜੀ ਸਾਹਿਬ ਦੇ ਕੀਤੇ ਹਨ, ਇੰਨਾ ਹੀ ਪੁੱਛਣਾ ਹੈ, ਬਣਾਉਣਾ ਉਨ੍ਹਾਂ ਨੂੰ Friend ਹੀ ਹੈ। ਇਸ ਤਰ੍ਹਾਂ ਬੱਚੇ ਤੇ ਅਸਰ ਰਹੇਗਾ ਕਿ ਰਾਤ ਨੂੰ ਮੰਮੀ-ਪਾਪਾ ਨੇ ਪਿਆਰ ਨਾਲ ਪੁੱਛਣਾ ਹੈ ਤੇ ਮੈਂ ਕੀ ਕਹਾਂਗੀ? ਹੋ ਸਕਦਾ ਹੈ, ਤੁਹਾਡਾ ਇੰਨਾ ਕੁ ਫਰਜ਼ ਤੁਹਾਡੀ ਔਲਾਦ ਨੂੰ ਜੋੜ ਦੇਵੇ।

ਜੇ ਸਤਿਗੁਰੂ ਜੀ ਦਾ ਕਮਰਾ ਨਹੀਂ, ਕੋਈ ਆਸਣ ਹੀ ਲਗਾਇਆ ਹੈ ਜਿੱਥੇ ਤੁਸੀਂ ਨੇਮ ਕਰਦੇ ਹੋ, ਉੱਥੇ ਹੀ ਛੇ ਛੱਕੇ ਗੁਟਕਾ ਸਾਹਿਬ ਤੋਂ ਸੁਣਾ ਦਿਓ, ਕਲਗੀਧਰ ਪਿਤਾ ਜੀ ਕਹਿਣਗੇ, ਮੈਂ ਕਿਲ੍ਹਾ ਛਡਣ ਵੇਲੇ ਜੰਗ ਦੇ ਮੈਦਾਨ ਵਿੱਚ ਅੰਮ੍ਰਿਤ ਵੇਲਾ ਸੰਭਾਲਿਆ ਹੈ, ਤੂੰ ਆਪਣੇ ਘਰ ਵਿੱਚ ਇਸ ਨੂੰ ਸੰਭਾਲ ਲਿਆ ਹੈ, ਮੇਰੀਆਂ ਸਾਰੀਆਂ ਖੁਸ਼ੀਆਂ ਤੇਰੀ ਝੋਲੀ ਵਿੱਚ। ਇਹ ਲੋੜ ਹੈ। ਸਮਾਂ ਇਹੋ ਜਿਹਾ ਆ ਗਿਆ ਕਿ ਜ਼ਰੂਰੀ ਹੈ ਇਹ ਗੁਣਾਂ ਨੂੰ ਆਪਣੇ ਘਰਾਂ ਵਿੱਚ ਜ਼ਿੰਦਗੀ ਵਿੱਚ ਵਸਾਉਣਾ।

ਦਾਸ ਨੂੰ ਅੱਜ ਇੱਕ ਫੋਨ ਆਇਆ ਕਹਿੰਦੇ ਕਿ ਸਾਡਾ ਬੱਚਾ ਕਹਿੰਦਾ ਹੈ, ਘਰ ਵਿੱਚ Wi-Fi ਇੰਟਰਨੈੱਟ ਦਾ ਕੁਨੈਕਸ਼ਨ ਲਗਵਾ ਦਿਓ। ਦਾਸ ਨੂੰ ਪੁੱਛਦੇ ਹਨ ਕਿ ਲਗਾ ਦੇਈਏ। ਦਾਸ ਨੇ ਕਿਹਾ ਕਿ ਮੈਨੂੰ ਤਾਂ ਬਹੁਤੀ Knowledge ਵੀ ਨਹੀਂ ਪਰ ਦਾਸ ਨੇ ਨਾਲ ਹੀ ਇੱਕ ਬੇਨਤੀ ਕੀਤੀ ਕਿ ਬੱਚੇ ਨੂੰ Friend ਬਣਾ ਕੇ ਪਿਆਰ ਵਿੱਚ ਇੱਕ ਵਾਅਦਾ ਜ਼ਰੂਰ ਲੈ ਲਓ ਕਿ ਇਹ ਜਿਹੜਾ Wi-Fi ਜਾਂ ਇੰਟਰਨੈੱਟ ਲਗਵਾ ਕੇ ਦੇਣਾ ਹੈ ਤੇ ਜਿਹੜੀ ਕਮਾਂਡ ਦੇਣੀ ਹੈ, ਕੋਈ ਚੰਗੀ ਚੀਜ਼ ਹੀ ਵੇਖਣੀ ਹੈ। ਇੰਟਰਨੈੱਟ ਤੇ ਚੰਗੀਆਂ ਚੀਜ਼ਾਂ ਵੀ ਹਨ ਤੇ ਦੂਜੀਆਂ ਵੀ ਹਨ। ਕਿਤੇ ਇਹੋ ਜਿਹੀ ਚੀਜ਼ ਨਾ ਖੁੱਲ੍ਹ ਜਾਵੇ ਜਿਸ ਨਾਲ ਅੰਦਰ ਵਿਕਾਰ ਚੱਲ ਪੈਣ। ਦੂਸਰੀ ਚੀਜ਼ ਨਾ ਚੱਲੇ। ਯੁੱਗ ਇਹੋ ਜਿਹਾ ਹੈ। ਇਹ ਥੋੜ੍ਹੇ-ਥੋੜ੍ਹੇ ਫਰਜ਼ ਨਿਭਾਉਣੇ ਪੈਣਗੇ।

ਹੁਣ ਦੇਖੋ ਅੱਗੋਂ ਕਲਗੀਧਰ ਪਿਤਾ ਜੀ ਚਮਕੌਰ ਦੀ ਗੜ੍ਹੀ ਪਹੁੰਚੇ। ਕੱਚੀ ਗੜ੍ਹੀ। ਕਿਤੇ ਤਾਂ ਚਾਲੀ ਸਰੀਰ ਲਿਖੇ ਹਨ ਤੇ ਕਿਤੇ ਪੰਜਾਹ ਸਰੀਰ ਲਿਖੇ ਹਨ ਕਿ ਨਾਲ ਸੀ। ਛੇ-ਛੇ ਦਾ ਜੱਥਾ ਬਣਾ ਕੇ ਜੰਗ ਦੇ ਮੈਦਾਨ ਵਿੱਚ ਭੇਜਿਆ ਜਾ ਰਿਹਾ ਹੈ, ਅੰਦਾਜ਼ਨ 22 ਤਾਰੀਖ ਦਸੰਬਰ ਦੀ ਬਣਦੀ ਹੈ। ਅੱਗੇ-ਪਿੱਛੇ ਵੀ ਹੋ ਸਕਦੀ ਹੈ। ਇਤਿਹਾਸਕਾਰਾਂ ਨੇ ਦਸ ਲੱਖ ਦਾ ਘੇਰਾ ਗਿਣਿਆ ਹੈ। ਛੇ ਨੂੰ ਸਵਾ ਤੇ ਜਰਬ (ਗੁਣਾ) ਕਰ ਲਓ ਤੇ ਸਾਢੇ ਸੱਤ ਬਣੇਗਾ। ਇੱਥੇ ਚਮਕੌਰ ਦੀ ਗੜ੍ਹੀ ਵੇਲੇ ਬਚਨ ਪੂਰੇ ਹੋਏ ਹਨ :

*ਹਮ ਤੌਂ ਤੋਲਤ ਜਾਨੈ ਤਕੜੀ।*
*ਨੰਗੀ ਕਰਦ ਕਭੀ ਨਹੀਂ ਪਕੜੀ।*
*ਇਨ ਹੀ ਕੋ ਸਰਦਾਰ ਬਨਾਊਂ।*
*ਚਿੜੀਓਂ ਸੇ ਮੈਂ ਬਾਜ ਤੁੜਾਊਂ।*
*ਸਵਾ ਲਾਖ ਸੇ ਏਕ ਲੜਾਊਂ।*
*ਤਬੈ ਗੋਬਿੰਦ ਸਿੰਘ ਨਾਮ ਕਹਾਊਂ।*

ਸਤਿਗੁਰੂ ਜੀ ਛੇ-ਛੇ ਸਿੰਘਾਂ ਦਾ ਜੱਥਾ ਬਣਾ ਕੇ ਜੰਗ ਦੇ ਮੈਦਾਨ ਵਿੱਚ ਭੇਜਦੇ ਹਨ। ਪਹਿਲਾ ਜੱਥਾ, ਦੂਜਾ ਜੱਥਾ, ਤੀਜਾ ਜੱਥਾ, ਚੌਥਾ ਜੱਥਾ। 24-25 ਸ਼ਹੀਦੀਆਂ ਹੋ ਗਈਆਂ। ਸਾਹਿਬਜ਼ਾਦਾ

ਬਾਬਾ ਅਜੀਤ ਸਿੰਘ ਜੀ ਕਹਿੰਦੇ, ਪਿਤਾ ਜੀ, ਹੁਣ ਮੈਨੂੰ ਆਗਿਆ ਦਿਓ। ਮਹਾਰਾਜ ਜੀ ਕਹਿਣ ਲੱਗੇ, ਲੜ ਲਵੇਂਗਾ? ਬਾਰ-ਬਾਰ ਸੁਣ ਕੇ ਪਿਆਰ ਆਉਂਦਾ ਹੈ। ਅੱਲਾ ਯਾਰ ਖਾਂ ਜੋਗੀ ਦਾ ਲਿਖਿਆ, ਸ਼੍ਰੋਮਣੀ ਕਮੇਟੀ ਨੇ ਵੀ ਪ੍ਰਵਾਨ ਕੀਤਾ ਹੈ। ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਕੀ ਕਹਿੰਦੇ:

***ਨਾਮ ਕਾ ਅਜੀਤ ਹੂੰ, ਜੀਤਾ ਨਹੀਂ ਜਾਊਂਗਾ।***
***ਅਗਰ ਜੀਤਾ ਭੀ ਗਿਆ ਤੋ ਜੀਤਾ ਨਹੀਂ ਆਊਂਗਾ।***

ਮੈਨੂੰ ਕੋਈ ਜਿੱਤ ਨਹੀਂ ਸਕਦਾ। ਮੇਰਾ ਨਾਮ ਹੀ ਅਜੀਤ ਹੈ। ਅਜਿੱਤ। ਜੇ ਮੈਨੂੰ ਕਿਸੇ ਨੇ ਜਿੱਤ ਲਿਆ ਤੇ ਮੈਂ ਜਿਊਂਦਾ ਵਾਪਸ ਨਹੀਂ ਆਵਾਂਗਾ। ਅੱਗੋਂ ਕਲਗੀਧਰ ਪਿਤਾ ਜੀ ਨੇ ਆਗਿਆ ਦਿੱਤੀ ਤੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੂੰ ਥਾਪੜਾ ਦੇ ਕੇ ਕੀ ਆਖਿਆ :

***ਖਾਹਸ਼ ਹੈ ਤੁਮੇ ਤੇਗ ਚਲਾਤੇ ਹੁਏ ਦੇਖੇਂ।***
***ਹਮ ਆਂਖ ਸੇ ਤੁਮੇਂ ਬਰਛੀ ਖਾਤੇ ਹੁਏ ਦੇਖੇਂ।***

ਅੱਲਾ ਯਾਰ ਖਾਂ ਜੋਗੀ ਨੇ ਲਿਖਿਆ ਹੈ ਕਿ ਇਹ ਪਹਿਲੀ ਮਿਸਾਲ ਇਤਿਹਾਸ ਵਿੱਚ ਹੈ, ਗੜ੍ਹੀ ਦੇ ਉੱਤੇ ਬੈਠ ਕੇ ਆਪਣੀਆਂ ਅੱਖਾਂ ਨਾਲ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਾਹਿਬਜ਼ਾਦਿਆਂ ਨੂੰ ਸ਼ਹੀਦ ਹੁੰਦਿਆਂ ਦੇਖ ਰਹੇ ਹਨ।

***ਗੁਰ ਪੂਰੇ ਕੀ ਵਡਿਆਈ॥***
***ਤਾ ਕੀ ਕੀਮਤਿ ਕਹੀ ਨ ਜਾਈ॥੧॥***

*(ਅੰਗ ੬੨੯)*

ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ। ਛੋਟੇ ਸੀ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ। ਹੁਣ ਉਹ ਬੇਨਤੀ ਕਰਨ ਲੱਗੇ ਪਿਤਾ ਜੀ! ਮੈਨੂੰ ਵੀ ਜੰਗ ਦੇ ਮੈਦਾਨ ਵਿੱਚ ਜਾਣ ਦੀ ਆਗਿਆ ਦਿਓ। ਮਹਾਰਾਜ ਜੀ ਕਹਿੰਦੇ, ਜੁਝਾਰ ਸਿੰਘ ਕੀ ਤੂੰ ਲੜ ਲਵੇਂਗਾ? ਅੱਲਾ ਯਾਰ ਖਾਂ ਜੋਗੀ ਨੇ ਲਿਖਿਆ ਹੈ। ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਨੇ ਕੀ ਜਵਾਬ ਦਿੱਤਾ। ਹੇ ਸਤਿਗੁਰੂ ਪਿਤਾ ਜੀ :

***ਲੜਨਾ ਨਹੀ ਆਤਾ ਮੁਝੇ ਮਰਨਾ ਤੋ ਹੈ ਆਤਾ।***
***ਖੁਦ ਬੜ ਕੇ ਗਲਾ ਤੇਗ ਪੇ ਧਰਨਾ ਤੋ ਹੈ ਆਤਾ।***

ਜੇ ਲੜਨਾ ਨਹੀਂ ਆਉਂਦਾ, ਮਰਨਾ ਤਾਂ ਆਉਂਦਾ ਹੈ। ਗਲਾ ਤਲਵਾਰ ਤੇ ਰੱਖ ਕੇ ਕਟਵਾਉਣਾ ਤੇ ਆਉਂਦਾ ਹੈ।

ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਵੀ ਜੱਥਾ ਲੈ ਕੇ ਗਏ। ਸ਼ਹੀਦੀ ਪ੍ਰਾਪਤ ਕੀਤੀ।

ਹੁਣ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਸੰਗਤ ਜੀ ਨੇ ਤੇ ਹੋਰ ਸਿੱਖਾਂ ਨੇ ਪੰਜ ਸਿੰਘਾਂ ਨੇ, ਹੁਣ ਆਪਾਂ ਨੇ ਇਹ ਨਹੀਂ ਕਹਿਣਾ ਕਿ ਹੁਕਮ ਲਗਾਇਆ। ਸਿੱਖ ਹੁਕਮ ਨਹੀਂ ਲਗਾ ਸਕਦਾ, ਗੁਰੂ ਸਾਹਿਬ ਨੂੰ। ਪੰਜ ਸਿੰਘਾਂ ਨੇ ਬੇਨਤੀ ਕੀਤੀ, ਸਤਿਗੁਰੂ ਜੀ! ਤੁਸੀਂ ਗੜ੍ਹੀ ਛੱਡ ਕੇ ਚਲੇ ਜਾਓ। ਇਹ ਸਾਡੀ ਪੰਜਾਂ ਦੀ ਬੇਨਤੀ ਹੈ, ਤੁਸੀਂ ਪੰਜਾਂ ਨੂੰ ਮਾਣ ਦਿੱਤਾ ਹੈ। ਮਹਾਰਾਜ ਜੀ ਕਹਿੰਦੇ ਦੁਨੀਆਂ ਕੀ ਕਹੇਗੀ? ਆਪ ਗੜ੍ਹੀ ਛਡ ਕੇ ਚਲੇ ਗਏ। ਇੱਥੇ ਪੰਜਾਂ ਨੇ ਇੱਕ ਗੱਲ ਕਹੀ। ਕਹਿਣ ਲੱਗੇ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਅਸੀਂ ਲੱਖਾਂ ਯਤਨ ਵੀ ਕਰ ਲਵਾਂਗੇ, ਤੁਹਾਡੇ ਵਰਗੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪੈਦਾ ਨਹੀਂ ਕਰ ਸਕਦੇ ਪਰ ਇੱਕ ਤੁਸੀਂ ਹੋ ਸਾਡੇ ਵਰਗੇ ਲੱਖਾਂ ਬਣਾ ਲਓਗੇ।

*-ਬਾਕੀ ਹਿੱਸਾ ਅਗਲੇ ਅੰਕ ਵਿੱਚ ਪੜ੍ਹੋ ਜੀ*

❀❀❀

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸਕ ਦੀ ਪੁਸਤਕ ਵਿੱਚੋਂ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਪੂਰਨਮਾਸ਼ੀ ਵਾਲੇ ਦਿਨ ਪਟਿਆਲੇ ਤੋਂ ਰਾਜ ਮਾਤਾ ਦਰਸ਼ਨਾਂ ਲਈ ਆਈ। ਬਾਬਾ ਜੀ ਲਈ ਬਸਤਰ ਲੈ ਕੇ ਆਈ ਸੀ। ਭਾਵਨਾ ਦੇਖਦਿਆਂ ਬਾਬਾ ਜੀ ਨੇ ਪ੍ਰਵਾਨ ਕਰ ਲਏ।

ਇਸੇ ਦਿਨ ਫਿਰੋਜ਼ਪੁਰ ਤੋਂ ਦੀਨਾ ਨਾਥ ਵਕੀਲ ਪਰਿਵਾਰ ਨਾਲ ਦਰਸ਼ਨਾਂ ਲਈ ਆਇਆ। ਦੀਨਾ ਨਾਥ ਦੀ ਪਤਨੀ ਵੀਰਾਂ ਦੇਵੀ ਚੂਨੀਆਂ ਦੇ ਧਨਪਤ ਰਾਏ ਦੀ ਭੈਣ ਸੀ। ਧਨਪਤ ਰਾਏ ਮੈਜਿਸਟ੍ਰੇਟ ਰਹਿਣ ਕਾਰਨ ਸ਼ਰਾਬ ਦਾ ਆਦੀ ਸੀ। ਬਾਬਾ ਜੀ ਦੀ ਸੰਗਤ ਤਾਂ ਕਰਿਆ ਕਰਦਾ, ਪਰ ਸ਼ਰਾਬ ਨਹੀਂ ਸੀ ਛੱਡ ਸਕਿਆ। ਇੱਥੋਂ ਤੱਕ ਕਿ ਇੱਕ ਵਾਰ ਨਿੱਜੀ ਰੰਜਸ਼ ਕਾਰਨ ਸ਼ਰਾਬੀ ਹਾਲਤ ਵਿੱਚ ਆਸੇ-ਪਾਸੇ ਤੋਂ ਬੇਖਬਰ, ਉਸਨੂੰ ਕੁਝ ਲੋਕ ਮਾਰ-ਮੁਕਾਉਣ ਦੀ ਗੋਂਦ ਗੁੰਦ ਕੇ ਆਏ ਸਨ, ਪਰ ਇਸ ਘਟਨਾ ਨੇ ਵੀ ਸ਼ਰਾਬ ਤੋਂ ਤੋਬਾ ਨਾ ਕਰਾਈ।

ਹੋਇਆ ਇਸ ਤਰ੍ਹਾਂ ਕਿ ਉਹ ਆਪਣੇ ਕਿਸੇ ਜਾਣੂ ਦੇ ਘਰੋਂ ਸ਼ਰਾਬੀ ਹਾਲਤ ਵਿੱਚ ਰਾਤ ਨੂੰ ਟਾਂਗੇ 'ਤੇ ਘਰ ਪਰਤ ਰਿਹਾ ਸੀ। ਉਸ ਦੇ ਵਿਰੋਧੀ ਰਾਹ ਵਿੱਚ ਉਸਨੂੰ ਮਾਰਨ ਲਈ ਬੈਠੇ ਸਨ, ਪਰ ਪਤਾ ਨਹੀਂ ਉਨ੍ਹਾਂ ਨੂੰ ਕੀ ਮਹਿਸੂਸ ਹੋਇਆ, ਉਨ੍ਹਾਂ ਦਾ ਅੱਗੇ ਵੱਧਣ ਦਾ ਹੌਂਸਲਾ ਨਾ ਪਿਆ। ਇਧਰ ਧਨਪਤ ਰਾਏ ਦੀ ਹਾਲਤ ਐਸੀ ਕਿ ਉਹਨੂੰ ਕੋਈ ਪਤਾ ਹੀ ਨਹੀਂ ਕਿ ਉਹ ਇੱਕ ਵੱਡੇ ਅਜਾਬ ਤੋਂ ਬਚ ਗਿਆ ਹੈ। ਇਹ ਉਸਨੂੰ ਪਿੱਛੋਂ ਪਤਾ ਲੱਗਾ ਤੇ ਇਹ ਵੀ ਪਤਾ ਲੱਗਾ ਕਿ ਜਿਸ ਵੇਲੇ ਇਹ ਵਾਕਿਆ ਹੋਇਆ, ਬਾਬਾ ਜੀ ਬੈਠੇ-ਬੈਠੇ ਅਚਾਨਕ ਬਚਨ ਕਰਨ ਲੱਗੇ ਸਨ, "ਵੇਖੋ! ਉਹ ਵੇਖੋ! ਧਨਪਤ ਨੂੰ ਮਾਰਦੇ ਨੇ! ਛੁਡਾਓ! ਵੇਖੋ!"

ਇਸ ਨਾਲ ਉਸ ਦੀ ਸ਼ਰਧਾ ਤਾਂ ਵਧੀ, ਪਰ ਬਾਬਾ ਜੀ ਦਾ ਉਪਦੇਸ਼ ਕਿ ਸ਼ਰਾਬ ਤੋਂ ਦੂਰ ਰਹਿਣਾ ਉਸ ਉਪਦੇਸ਼ ਨੂੰ ਨਾ ਧਾਰ ਸਕਿਆ। ਉਸਦੀ ਭੈਣ ਚਾਹੁੰਦੀ ਸੀ ਕਿ ਉਹ ਇਸ ਲਾਹਨਤ ਤੋਂ ਛੁਟਕਾਰਾ ਪਾ ਲਵੇ। ਕੁਝ ਸਮਾਂ ਪਹਿਲਾਂ ਆਪਣੇ ਪਤੀ ਨਾਲ ਉਹ ਨਾਨਕਸਰ ਆਈ ਸੀ ਤਾਂ ਦੀਨਾ ਨਾਥ ਨਾਲ ਇਹ ਵੀਚਾਰ ਕਰਕੇ ਆਈ ਸੀ ਕਿ ਬਾਬਾ ਜੀ ਨੂੰ ਬੇਨਤੀ ਕੀਤੀ ਜਾਵੇ। ਬੇਨਤੀ ਕੀਤੀ ਤਾਂ ਆਪ ਜੀ ਨੇ ਧਨਪਤ ਰਾਏ ਨੂੰ ਨਾਲ ਲੈ ਕੇ ਆਉਣ ਦਾ ਬਚਨ ਕੀਤਾ। ਦੀਨਾ ਨਾਥ ਅਤੇ ਵੀਰਾਂ ਦੇਵੀ ਪੁੰਨਿਆ 'ਤੇ ਇਸ ਆਸ ਨਾਲ ਆਏ ਸਨ ਕਿ ਧਨਪਤ ਰਾਏ ਵੀ ਆਏਗਾ ਪਰ ਸ਼ਾਮ ਤੱਕ ਧਨਪਤ ਰਾਏ ਨਾ ਆਇਆ ਤਾਂ ਬਾਬਾ ਜੀ ਨੂੰ ਬੇਨਤੀ ਕੀਤੀ।

"ਹੱਛਾ ਭਾਈ! ਚੰਗਾ ਫਿਰ ਉਹਨੂੰ ਸੱਦ ਮਾਰਦੇ ਹਾਂ।" ਬਚਨ ਕਰਦਿਆਂ ਬਾਬਾ ਜੀ ਨੇ ਸ਼ੇਅਰ ਪੜ੍ਹਿਆ, "ਸੁਣ ਓ ਧੰਨੂੰ ਧਨਪਤਾ, ਸਾਡਾ ਸੁਣ ਇਹ ਸੱਦ। ਜੋ ਕੁਝ ਮਰ ਕੇ ਛੱਡਣਾ, ਜਿਉਂਦਾ ਹੀ ਛੱਡ ਜਾ।"

ਓਧਰ ਧਨਪਤ ਰਾਏ ਆਪਣੇ ਘਰ ਸ਼ਰਾਬੀ ਹਾਲਤ ਵਿੱਚ ਸੀ। ਇਧਰ ਬਾਬਾ ਜੀ ਨੇ ਇਹ ਸ਼ੇਅਰ ਪੜ੍ਹਿਆ, ਓਧਰ ਅਬੜਵਾਹੇ ਉੱਠ ਕੇ ਲੱਗਾ ਬੋਲਣ, "ਓ! ਅੱਜ ਤੇ ਪੂਰਨਮਾਸ਼ੀ ਏ!" ਉਸੇ ਵੇਲੇ ਤਿਆਰੀ ਕਰਕੇ ਪਰਿਵਾਰ ਸਮੇਤ ਚਾਲੇ ਪਾ ਦਿੱਤੇ।

ਇਹ ਗੱਲ ਜ਼ਰੂਰ ਧਿਆਨ ਦੇਣਯੋਗ ਹੈ ਕਿ ਪੂਰਨਮਾਸ਼ੀ ਤੇ ਸੰਗੀਆਂ ਦੇ ਆਉਣ ਦੀ ਵਿਧੀ ਵੀ

ਅਨੋਖੇ ਢੰਗ ਨਾਲ ਬਣਦੀ। ਜਿਸਨੂੰ ਸੱਦਣਾ ਹੁੰਦਾ ਸੱਦ ਹੀ ਲੈਂਦੇ। ਇੱਕ ਵਾਰ ਦਿੱਲੀ ਵਾਲੇ ਭਾਈ ਸੰਪੂਰਨ ਸਿੰਘ ਨਾਲ ਦਿੱਲੀ ਦੇ ਕੁਝ ਪ੍ਰੇਮੀਆਂ ਦੀ ਆਰਥਿਕ ਮਸਲੇ ਨੂੰ ਲੈ ਕੇ ਗੱਲ ਚੱਲੀ ਤਾਂ ਕਹਿਣ ਲੱਗੇ, "ਤੂੰ ਹਰ ਪੁੰਨਿਆਂ ਤੇ ਚਲਿਆ ਜਾਂਦਾ ਹੈ, ਜੇ ਜਾਣਾ ਬੰਦ ਕਰ ਦਏਂ ਤਾਂ ਅਸੀਂ ਬੇਨਤੀ ਕਰ ਦੇਵਾਂਗੇ ਉਸ ਕੋਲ ਪੈਸੇ ਨਹੀਂ, ਆਪੇ ਫਿਰ ਕੋਈ ਕਿਰਪਾ ਕਰਨਗੇ।"

ਸੰਪੂਰਨ ਸਿੰਘ ਦੀ ਘਰ ਦੀ ਹਾਲਤ ਵੀ ਐਸੀ ਸੀ ਕਿ ਰੁਪੈ-ਪੈਸੇ ਦੀ ਤੰਗੀ ਬਣੀ ਰਹਿੰਦੀ ਪਰ ਪੁੰਨਿਆਂ ਦੇ ਨੇੜੇ ਜਾ ਕੇ ਕਿਸੇ ਪਾਸਿਓਂ ਆਉਣ-ਜਾਣ ਦਾ ਕਿਰਾਇਆ ਆ ਜਾਣਾ। ਸਾਥੀਆਂ ਦੀ ਗੱਲ ਸੁਣ ਕੇ ਸੰਪੂਰਨ ਸਿੰਘ ਨੇ ਪੁੰਨਿਆ 'ਤੇ ਨਾ ਜਾਣ ਦਾ ਵਿਚਾਰ ਬਣਾਇਆ। ਪੁੰਨਿਆ ਦੇ ਨੇੜੇ ਸਵੇਰੇ ਘਰੋਂ ਨਿਕਲ ਜਾਣਾ ਤੇ ਸ਼ਾਮ ਨੂੰ ਆਉਣਾ ਕਿ ਕੋਈ ਪੈਸੇ ਨਾ ਦਵੇਗਾ ਤੇ ਨਾ ਜਾਣ ਦਾ ਸਬੱਬ ਬਣੇਗਾ, ਪਰ ਸਬੱਬ ਐਸਾ ਬਣਿਆ ਕਿ ਇੱਕ ਪ੍ਰੇਮੀ ਘਰੋਂ ਬਾਹਰ ਗਏ ਨੂੰ ਮਿਲ ਪਿਆ। ਉਹ ਵੀ ਪੁੰਨਿਆ 'ਤੇ ਜਾਂਦਾ ਹੁੰਦਾ ਸੀ, ਪਰ ਇਸ ਵਾਰ ਸੰਪੂਰਨ ਸਿੰਘ ਨੂੰ ਨਾਲ ਲੈ ਜਾਣਾ ਚਾਹੁੰਦਾ ਸੀ। ਸੰਪੂਰਨ ਸਿੰਘ ਪੈਸਿਆਂ ਦੀ ਤੰਗੀ ਦੇ ਬਹਾਨੇ ਬਣਾਉਣ ਲੱਗਾ ਤਾਂ ਉਹ ਕਿਰਾਏ ਦਾ ਖਰਚ ਕਰਨ ਦਾ ਜ਼ਿੰਮਾ ਲੈਣ ਦੇ ਨਾਲ ਆਪਣੀ ਦੁਕਾਨ ਤੋਂ ਮਹੀਨੇ ਭਰ ਦਾ ਰਾਸ਼ਨ ਵੀ ਘਰ ਭੇਜਣ ਨੂੰ ਤਿਆਰ ਹੋ ਗਿਆ, ਗੱਲ ਕੀ ਪਲਿਓਂ ਖਰਚ ਕਰਕੇ ਉਸਨੂੰ ਬਾਬਾ ਜੀ ਦੇ ਦਰਸ਼ਨਾਂ ਲਈ ਲੈ ਗਿਆ। ਓਹਨੀਂ ਦਿਨੀਂ ਬਾਬਾ ਜੀ ਸਲੋਗੜੇ ਸਨ। ਜਿਸ ਵੇਲੇ ਪਹੁੰਚੇ ਬਾਬਾ ਜੀ ਬਚਨ ਕਰ ਰਹੇ ਸਨ, "ਸੁਹਾਗਣ ਹੋਵੇ ਸਹੀ, ਖਰਚਾ ਤਾਂ ਅੜ ਕੇ ਵੀ ਲੈ ਲੈਂਦੀ ਹੈ।"

ਭਾਈ! (ਬਾਬਾ) ਈਸ਼ਰ ਸਿੰਘ ਜੀ ਨੂੰ ਵੀ ਸੇਵਾ ਲਾਉਣ ਲਈ ਕਈ ਤਰ੍ਹਾਂ ਦੇ ਚੋਜ ਵਰਤਾਏ ਸਨ। ਬਾਂਹ ਤੇ ਫੋੜਾ ਹੋ ਜਾਣਾ, ਪਰ ਸੇਵਾ ਵਿੱਚ ਹਾਜ਼ਰ ਹੋ ਜਾਣ ਦੀ ਬੇਨਤੀ ਕਰਨ ਤੇ ਠੀਕ ਹੋ ਜਾਣਾ।

ਕਵੀ ਜੀ ਨਾਲ ਤਾਂ ਵੱਖਰੇ ਹੀ ਚੋਜ ਹੁੰਦੇ। ਜਦ ਕਵੀ ਜੀ ਨੇ ਬਾਬਾ ਜੀ ਪਾਸ ਹੋਣਾ ਤਾਂ ਕਾਰੋਬਾਰ ਵਿੱਚ ਵੱਧ ਨਫਾ ਹੋਣਾ। ਇਸ ਤਰ੍ਹਾਂ, ਜਿਸ ਤੇ ਕਿਰਪਾ ਹੋਣੀ ਉਸ ਦੇ ਹਾਜ਼ਰ ਹੋਣ ਦਾ ਕੋਈ ਨਾ ਕੋਈ ਢੰਗ ਬਣ ਜਾਣਾ। ਇਸੇ ਤਰ੍ਹਾਂ ਇਸ ਵਾਰ ਧਨਪਤ ਰਾਏ ਨਾਲ ਹੋਇਆ ਸੀ।

ਉਧਰ ਪੂਰਨ ਸਿੰਘ ਹੋਰਾਂ ਨੇ ਬਿਜਲੀ ਲਾਉਣ ਦਾ ਇੰਤਜ਼ਾਮ ਕਰ ਲਿਆ ਸੀ। ਜਗਰਾਉਂ ਤੋਂ ਮਿਸਤਰੀ ਕੁੰਦਨ ਸਿੰਘ ਦਾ ਇੰਜਣ ਮੰਗਵਾ ਲਿਆ ਸੀ। ਹੋਰ ਜੋ ਸਮਾਨ ਲੋੜੀਂਦਾ ਸੀ, ਲਿਆ ਕੇ ਫਿੱਟ ਕਰਨ ਲੱਗੇ ਸਨ। ਉਨ੍ਹਾਂ ਨੂੰ ਲੱਗਿਆ ਚਾਰ ਦਿਨ ਹੋ ਗਏ ਸਨ। ਚਾਰਾਂ ਦਿਨਾਂ ਵਿੱਚ ਸੂਖਮ ਹਉਮੈਂ ਵੀ ਜਾਗ ਪਈ ਸੀ। ਸੇਵਾ ਤਾਂ ਪਰਵਾਨ ਤਾਂ ਹੀ ਹੁੰਦੀ ਹੈ ਜੇਕਰ ਹਉਮੈਂ ਰਹਿਤ ਹੋ ਕੇ ਕੀਤੀ ਜਾਵੇ।

***ਵਿਚਿ ਹਉਮੈ ਸੇਵਾ ਥਾਇ ਨ ਪਾਏ॥***

***(ਅੰਗ ੧੦੭੧)***

ਸ਼ਾਮ ਤੋਂ ਬਾਅਦ ਜਦ ਹਨ੍ਹੇਰਾ ਹੋਣ ਲੱਗਾ, ਇੰਜਣ ਚਲਾ ਕੇ, ਚਾਰ ਦਿਨਾਂ ਦੀ ਮਿਹਨਤ ਨਾਲ ਬਣਾਇਆ 'ਜਨਰੇਟਰ' ਚਾਲੂ ਕਰ ਦਿੱਤਾ। ਬਲਬ ਜਗ ਪਏ। ਕੁਝ ਸਮੇਂ ਬਾਅਦ ਬਾਬਾ ਜੀ ਰਾਜ ਮਾਤਾ ਦੁਆਰਾ ਲਿਆਂਦੇ ਕਾਲੇ ਰੰਗ ਦੇ ਬਸਤਰ ਪਾ ਕੇ ਦੀਵਾਨ ਵਿੱਚ ਆ ਗਏ। ਗੁਰੂ ਸਾਹਿਬ ਨੂੰ ਮੱਥਾ ਟੇਕ ਅਤੇ ਸੰਗਤ ਨੂੰ ਫਤਹਿ ਦੇ ਰੂਪ ਵਿੱਚ ਹੱਥ ਜੋੜ ਨੀਵੇਂ ਥਾਂ 'ਤੇ ਬੈਠ ਗਏ। ਆਪ ਜੀ ਦੇ ਚਿਹਰੇ 'ਤੇ ਅਨੋਖਾ ਜਲਾਲ ਸੀ। ਨਾਮ ਖੁਮਾਰੀ ਨਾਲ ਰੱਤਿਆ ਚਿਹਰਾ, ਕਾਲੇ ਬਸਤਰਾਂ ਵਿੱਚ, ਅਲੌਕਿਕ ਨਜ਼ਾਰਾ ਸੀ। ਇਸ ਵੇਲੇ ਪ੍ਰੀਤਮ ਸਿੰਘ ਹੋਰਾਂ ਵਿੱਚ ਹਉਮੈਂ ਨੇ ਬਲ ਫੜ ਲਿਆ ਤੇ ਓਧਰ ਇੰਜਣ ਬੰਦ! ਦੁਬਾਰਾ ਚਲਾਉਣ ਦਾ ਯਤਨ ਕੀਤਾ, ਪਰ ਨਾ ਚੱਲਿਆ। ਵਾਰ-ਵਾਰ ਯਤਨ ਕੀਤੇ, ਪਰ ਇੰਜਣ ਨਾ ਹੀ ਚੱਲਿਆ। ਬਹੁਤ ਦੇਖਣ 'ਤੇ ਵੀ ਕੋਈ ਨੁਕਸ ਨਾ

*—ਬਾਕੀ ਹਿੱਸਾ ਪੰਨਾ 36 'ਤੇ ਪੜ੍ਹੋ ਜੀ*

ਬੱਚਿਆਂ ਲਈ ਵਿਸ਼ੇਸ਼

# 400 ਸਾਲ ਗੁਰ ਇਤਿਹਾਸ ਦੇ ਨਾਲ ਨਵੀਂ ਲਹਿਰ ਨੂੰ ਸਮਰਪਿਤ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ **"400 ਸਾਲ ਗੁਰ ਇਤਿਹਾਸ ਦੇ ਨਾਲ"** ਨਵੀਂ ਲਹਿਰ ਨੂੰ ਸਮਰਪਿਤ ਸਿਫਤਿ ਸਾਲਾਹ ਵਿੱਚ ਇੱਕ ਹੋਰ ਨਵਾਂ ਕਾਲਮ ਸ਼ੁਰੂ ਕੀਤਾ ਜਾ ਰਿਹਾ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦਿੱਤੇ ਜਾ ਰਹੇ ਹਨ ਤਾਂ ਜੋ ਸਾਡੇ ਬੱਚੇ ਆਪਣੇ ਗੌਰਵਮਈ ਸਿੱਖ ਇਤਿਹਾਸ ਨਾਲ ਜੁੜ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

***ਨੋਟ : ਸਿਫਤਿ ਸਾਲਾਹ ਦੇ ਇਸ ਅੰਕ ਤੋਂ ਪਰਖ ਤੇ ਪ੍ਰਪੱਕਤਾ ਕਾਲਮ ਦੀ ਜਗ੍ਹਾ ਤੇ ਹੁਣ ਪ੍ਰਸ਼ਨ-ਉੱਤਰਾਂ ਦਾ ਇਹ ਨਵਾਂ ਕਾਲਮ ਸ਼ੁਰੂ ਕੀਤਾ ਗਿਆ ਹੈ ਜੀ।***

**1. ਪ੍ਰ: ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਗੁਰੂ ਸਾਹਿਬ ਦੇ ਨਾਲ ਹੋਰ ਕਿਹੜੇ ਤਿੰਨ ਸਿੱਖਾਂ ਦੀ ਸ਼ਹੀਦੀ ਹੋਈ?**

ਉ: ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਜਦੋਂ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੋਂ ਸ਼ਹਾਦਤ ਦਾ ਸਫਰ ਤੈਅ ਕਰਨ ਲਈ ਚਲੇ ਹਨ ਤੇ ਪੰਜ ਸਿੱਖ ਨਾਲ ਲਏ ਤੇ ਇਨ੍ਹਾਂ ਪੰਜ ਸਿੱਖਾਂ ਵਿੱਚ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਵੀ ਹਨ। ਕਿੰਨੇ ਭਾਗਾਂ ਵਾਲੇ ਇਹ ਸਿੱਖ ਹਨ ਜਿਨ੍ਹਾਂ ਨੇ ਗੁਰੂ ਦੀ ਗੋਦ ਦਾ ਨਿੱਘ ਮਾਣਿਆ। ਇਨ੍ਹਾਂ ਸਿੱਖਾਂ ਦੀ ਕਿੰਨੀ ਘਾਲਣਾ ਹੋਵੇਗੀ ਗੁਰੂ ਸਾਹਿਬ ਪ੍ਰਤੀ, ਕਿੰਨਾ ਸਿਦਕ ਹੋਵੇਗਾ ਗੁਰੂ ਸਾਹਿਬ ਪ੍ਰਤੀ, ਕਿੰਨਾ ਪਿਆਰ ਹੋਵੇਗਾ ਗੁਰੂ ਦੇ ਚਰਨਾਂ ਨਾਲ ਕਿ ਮਹਾਰਾਜ ਜੀ ਨੇ ਆਪਣੇ ਸ਼ਹਾਦਤ ਦੇ ਸਫਰ ਵਿੱਚ ਇਨ੍ਹਾਂ ਨੂੰ ਨਾਲ ਰੱਖਿਆ ਤੇ ਹਰ ਪਹਿਲੂ ਤੋਂ ਇਨ੍ਹਾਂ ਸਿੱਖਾਂ ਦੀ ਸ਼ਹੀਦੀ ਨੂੰ ਨੌਂਵੇਂ ਪਾਤਸ਼ਾਹ ਜੀ ਨੇ ਆਪਣੀਆਂ ਪਾਵਨ ਅੱਖਾਂ ਨਾਲ ਖੁਦ ਨਿਹਾਰਿਆ। ਕੈਸਾ ਪਿਆਰ ਹੈ, ਗੁਰੂ ਸਾਹਿਬ ਤੇ ਸਿੱਖ ਦਾ, ਗੁਰੂ ਸਾਹਿਬ ਆਪਣੇ ਇਨ੍ਹਾਂ ਸਿੱਖਾਂ ਨੂੰ ਆਪਣੇ ਤੋਂ ਓਹਲੇ ਹੋਣ ਹੀ ਨਹੀਂ ਦੇ ਰਹੇ। ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਆਪਸ ਵਿੱਚ ਭਰਾ ਹਨ। ਭਾਈ ਮਤੀ ਦਾਸ ਜੀ ਨੂੰ ਨੌਂਵੇਂ ਪਾਤਸ਼ਾਹ ਜੀ ਨੇ ਦੀਵਾਨ ਦਰਗਾਹ ਮੱਲ ਜੀ ਤੋਂ ਬਾਅਦ ਦੀਵਾਨ ਦੀ ਸੇਵਾ ਬਖਸ਼ੀ ਅਤੇ ਭਾਈ ਸਤੀ ਦਾਸ ਜੀ ਨੂੰ ਆਪਣਾ ਲਿਖਾਰੀ ਨਿਯੁਕਤ ਕੀਤਾ। ਭਾਈ ਦਿਆਲਾ ਜੀ ਸਿੱਖ ਪੰਥ ਦੇ ਸ਼੍ਰੋਮਣੀ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਵੱਡੇ ਭਰਾਤਾ ਸਨ।

**2. ਪ੍ਰ: ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਾਵਨ ਸੀਸ ਕੌਣ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਆਏ?**

ਉ: ਭਾਈ ਜੈਤਾ ਜੀ (ਭਾਈ ਜੀਵਨ ਸਿੰਘ ਜੀ)

ਇਹ ਉਹ ਸਤਿਕਾਰਯੋਗ ਸਿਦਕੀ ਸਿੱਖ ਹਨ ਜਿਨ੍ਹਾਂ ਦੀ ਲਾਸਾਨੀ ਕੁਰਬਾਨੀ ਨੂੰ ਸਿੱਖ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਰਹੇਗਾ। ਭਾਈ ਪਿੰਦਰਪਾਲ ਸਿੰਘ ਜੀ ਨੇ ਲਿਖਿਆ ਹੈ ਕਿ ਭਾਈ ਜੀਵਨ ਸਿੰਘ ਜੀ ਨੇ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਪਾਵਨ ਸੀਸ ਦਿੱਲੀ ਤੋਂ ਲੈ ਕੇ

ਚਲੇ ਤੇ ਸ੍ਰੀ ਅਨੰਦਪੁਰ ਸਹਿਬ ਤੱਕ ਪਹੁੰਚਦਿਆਂ ਪੰਜ ਦਿਨ ਲੱਗੇ। ਪੰਜ ਪੜਾਅ ਕੀਤੇ। ਪਹਿਲਾ ਪੜਾਅ ਕੀਤਾ, ਦਿੱਲੀ ਟੱਪ ਕੇ ਯੂ.ਪੀ. ਵਿੱਚ ਇੱਕ ਥਾਂ ਹੈ, ਬਾਗ ਪੱਟ। ਪਹਿਲਾ ਪੜਾਅ ਇੱਥੇ ਇੱਕ ਸੂਫੀ ਫਕੀਰ ਸ਼ੇਖ ਹਜ਼ਰਤ ਵਾਉ ਦੀਨ ਕੋਲ ਕੀਤਾ। ਦੂਜਾ ਪੜਾਅ ਕੀਤਾ, ਤਰਾਵੜੀ ਦੇ ਕੋਲ ਧੋਬੀ ਭਾਈ ਦੇਵਾ ਰਾਮ ਜੀ ਕੋਲ। ਤੀਜਾ ਪੜਾਅ ਕੀਤਾ, ਅੰਬਾਲੇ ਕੋਲ ਕੈਂਥ ਮਾਜਰੀ ਵਿਖੇ ਰਾਮ ਦੇਵ ਜੀ ਦੇ ਘਰ। ਚੌਥਾ ਪੜਾਅ ਕੀਤਾ, ਜ਼ੀਰਕਪੁਰ ਵਿਖੇ ਦਰਗਾਹੀ ਸ਼ਾਹ ਫਕੀਰ ਕੋਲ ਤੇ ਅੱਗੋਂ ਫਿਰ ਸ੍ਰੀ ਕੀਰਤਪੁਰ ਸਾਹਿਬ ਪਹੁੰਚੇ ਜਿੱਥੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਮਾਤਾ ਨਾਨਕੀ ਜੀ, ਮਾਤਾ ਗੁਜਰ ਕੌਰ ਜੀ, ਮਾਮਾ ਕਿਰਪਾਲ ਚੰਦ ਜੀ ਤੇ ਹੋਰ ਸਿੱਖ ਸੰਗਤਾਂ ਨੇ ਪਾਵਨ ਸੀਸ ਨੂੰ ਸ੍ਰੀ ਅਨੰਦਪੁਰ ਸਾਹਿਬ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕਰਕੇ ਲਿਆਂਦਾ। ਭਾਈ ਜੀਵਨ ਸਿੰਘ ਜੀ ਦੀ ਮਹਾਨ ਤੇ ਅਣਥੱਕ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਕਲਗੀਧਰ ਪਿਤਾ ਜੀ ਨੇ ਰੰਘਰੇਟਾ ਗੁਰੂ ਕਾ ਬੇਟਾ ਦਾ ਬਖਸ਼ਿਸ਼ ਭਰਿਆ ਬਚਨ ਕੀਤਾ।

ਇਤਿਹਾਸ ਵਿੱਚ ਆਉਂਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ ਜਦੋਂ ਮੁਗਲਾਂ ਤੇ ਪਹਾੜੀ ਰਾਜਿਆਂ ਦੀ ਫੌਜ ਨੇ ਗੁਰੂ ਸਾਹਿਬ ਜੀ ਤੇ ਹਮਲਾ ਕੀਤਾ ਤਾਂ ਭਾਈ ਜੀਵਨ ਸਿੰਘ ਜੀ ਨੂੰ ਸੌ ਸਿੰਘਾਂ ਦਾ ਜੱਥਾ ਦੇ ਕੇ ਸਰਸਾ ਨਦੀ ਕੇ ਕੋਲ ਪਿੰਡ ਝੱਖੀਆਂ ਦੀ ਜੂਹ ਤੇ ਮੋਰਚਾ ਲਗਾਉਣ ਦਾ ਹੁਕਮ ਦਿੱਤਾ ਗਿਆ ਸੀ। ਇਤਿਹਾਸ ਵਿੱਚ ਲਿਖਿਆ ਹੈ ਕਿ ਭਾਈ ਜੀਵਨ ਸਿੰਘ ਜੀ ਦੀ ਕਮਾਲ ਦੀ ਤੀਰ ਅੰਦਾਜ਼ੀ ਤੋਂ ਮੁਗਲ ਸੈਨਾ ਅੰਦਰ ਘਬਰਾਹਟ ਫੈਲ ਗਈ। ਅਨੇਕਾਂ ਨੂੰ ਮੌਤ ਦੇ ਘਾਟ ਉਤਾਰ ਕੇ ਇੱਕ ਗੋਲੀ ਅਚਾਨਕ ਭਾਈ ਜੀਵਨ ਸਿੰਘ ਜੀ ਦੇ ਮੱਥੇ ਤੇ ਲੱਗੀ ਤੇ ਇਨ੍ਹਾਂ ਨੇ ਫਤਹਿ ਬੁਲਾ ਕੇ ਸ਼ਹੀਦੀ ਦਾ ਜਾਮ ਪੀਤਾ। ਇਨ੍ਹਾਂ ਸੌ ਸਿੰਘਾਂ ਦੀ ਸ਼ਹੀਦੀ ਵਿੱਚ ਭਾਈ ਬਜਰ ਸਿੰਘ ਜੀ ਦੀ ਸਪੁੱਤਰੀ ਅਤੇ ਗੁਰੂ ਕਲਗੀਧਰ ਪਿਤਾ ਜੀ ਦੇ ਬਹੁਤ ਪਿਆਰੇ ਸਿੰਘ ਭਾਈ ਆਲਮ ਸਿੰਘ ਨੱਚਣਾ ਦੀ ਸਿੰਘਣੀ ਬੀਬੀ ਭਿੱਖਾਂ ਜੀ ਨੇ ਵੀ ਸ਼ਹੀਦੀ ਦਾ ਜਾਮ ਪੀਤਾ।

❁❁❁

## ਪਰਖ ਤੇ ਪ੍ਰਪੱਕਤਾ ਕਾਲਮ ਦੇ ਪਿਛਲੇ ਅੰਕ ਦੇ ਸਹੀ ਜਵਾਬ

1. ਗੁਃ ਗੁਰੂ ਕੇ ਮਹਿਲ ਸਾਹਿਬ (ਸ੍ਰੀ ਅੰਮ੍ਰਿਤਸਰ), 2. ਤਿੰਨ, 3. ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ, 4. ਬਾਬਾ ਬੰਦਾ ਸਿੰਘ ਜੀ ਬਹਾਦਰ, 5. ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ, 6. ਭੂਮੀਆ ਚੋਰ, 7. ਗੁਃ ਹੱਟ ਸਾਹਿਬ (ਸੁਲਤਾਨਪੁਰ ਲੋਧੀ), 8. ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ, 9. ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, 10. ਸ੍ਰੀ ਪਾਉਂਟਾ ਸਾਹਿਬ

---

*ਪੰਨਾ 34 ਦਾ ਬਾਕੀ ਹਿੱਸਾ—*

ਲੱਭਾ। ਨਾ ਕੋਈ ਨੁਕਸ ਲੱਭਾ ਤੇ ਨਾ ਹੀ ਇੰਜਣ ਚੱਲਿਆ। ਹਮੇਸ਼ਾ ਵਾਂਗ ਗੈਸ ਹੀ ਜਗਾਏ ਗਏ।

ਬਾਬਾ ਜੀ ਦਾ ਇਸ਼ਾਰਾ ਹੋਇਆ ਕਿ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਉਸਤਤੀ ਵਿੱਚ ਸ਼ਬਦ ਪੜ੍ਹੋ। ਕਲਯੁੱਗ ਅੰਦਰ ਧਰਤੀ ਦੀ ਪੁਕਾਰ ਸੁਣ ਨਿਰੰਕਾਰ ਨੇ ਆਪਣਾ ਰੂਪ ਧੰਨ ਗੁਰੂ ਨਾਨਕ ਦੇਵ ਜੀ ਦਾ ਬਣਾ ਕੇ ਧਰਤੀ 'ਤੇ ਭੇਜਣਾ ਕੀਤਾ। ਇਸ ਉਪਕਾਰ ਨੂੰ ਕੋਈ ਅਕ੍ਰਿਤਘਣ ਹੀ ਭੁੱਲ ਸਕਦਾ ਹੈ। ਰਾਗੀ ਸਿੰਘ ਨੇ ਗੁਰੂ ਸਾਹਿਬ ਜੀ ਦੀਆਂ ਮਿਹਰਾਂ ਦੇ ਸ਼ੁਕਰਾਨੇ ਅਤੇ ਗੁਰਪੁਰਬ ਦੇ ਸੁਭਾਗ ਸਮੇਂ ਮੌਕੇ 'ਤੇ ਕੀਰਤਨ ਦੁਆਰਾ ਬਹੁਤ ਸੋਹਣਾ ਸਮਾਂ ਬਣਾਇਆ।

❁❁❁

# ਅਨਮੋਲ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਸੰਗ੍ਰਹਿ ਕਰਤਾ
-ਸੰਪਾਦਕ

**272**

ਪਰਉਪਕਾਰ ਕਰਨ ਵਿੱਚ ਆਪਣਾ ਕੋਈ ਨਿੱਜੀ ਲਾਲਚ ਨਾ ਹੋਵੇ, ਇਹ ਵੱਡਾ ਪੁੰਨ ਹੈ ।

**273**

ਜੇਕਰ ਇੱਕ ਵੀ ਮਾੜਾ ਪੈਸਾ ਕਮਾਈ ਦਾ ਘਰ ਵਿੱਚ ਆ ਜਾਵੇ ਤਾਂ ਸਾਰੇ ਪੈਸੇ ਨੂੰ ਭਰਿਸ਼ਟ ਕਰ ਦਿੰਦਾ ਹੈ ।

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

**106**

ਹੋਰ ਸ਼ੁਭ ਕਰਮ ਬਿਅਰਥ ਨਹੀਂ ਹਨ ਪਰ ਹਰਿ ਕੀਰਤ ਅਤੇ ਸਤਿਸੰਗਤ ਸ਼੍ਰੋਮਣੀ ਕਰਮ ਹੈ ।

**107**

ਵਾਹਿਗੁਰੂ ਵਿੱਚ ਲਿਵਲੀਨਤਾ ਤੋਂ ਬਿਨਾਂ ਤਾਂ ਸੁਪਨੇ ਵਿੱਚ ਵੀ ਸੁੱਖ ਨਹੀਂ ।

—ਭਾਈ ਅਮਰੀਕ ਸਿੰਘ ਗਨੈਸਕ

# प्रश्न–उत्तर

# ज़िंदगी की बारीकियाँ

गुरु साहिब जी की कृपा और भाई साहिब भाई गुरइकबाल सिंघ जी की प्रेरणा से ज़िंदगी की बारीकियाँ कालम **'सिफति सालाह रसाले'** में पिछले कई वर्षों से प्रकाशित हो रहा है। इस कालम में संगतों द्वारा भाई साहिब जी को समय–समय पर पूछे जाने वाले सवालों के जवाब दिए जाते हैं तांकि गुरमति अनुसार उन प्रश्नों का, उन मुश्किलों का निवारण किया जा सके और ज़िंदगी की बारीकियाँ निकल सकें। इसी कालम की शृंखला को आगे जारी रखते हस्तलिखित अंक से भाई साहिब जी के कीर्तन के उन अंशों को सवाल–जवाब के रूप में हू–ब–हू प्रकाशित किया जा रहा है जिन में से भाई साहिब जी कीर्तन करते संगत को आम रूप में आने वाली दुनियावी और आध्यात्मिक कठिनाई का गुरमति अनुसार समाधान बताते हैं।

*शृंखला जोड़ने के लिए पिछला अंक देखें–*

**474. प्रश्नः आदरणीय वीर जी, अच्छा संग क्यों जरुरी है और कुसंग से कैसे बचा जाए?**

**उत्तरः** अच्छा संग बहुत जरुरी है। जब भी जीवन ऊँचा जाता है, अच्छी संगत करने से और जब भी जीवन नीचे गिरेगा कुसंग करने से। सतिगुरु जी गुरबाणी में फुरमाते हैं, अच्छे संग से क्या होता है :

***संतसंगि पावै जो नानक***
***तिसु बहुरि न होई है फेरा ॥२॥३॥४॥***
*(अंग ७००)*

***मेरे माधउ जी सतसंगति मिले सु तरिआ॥***
*(अंग १०)*

संगत कितनी जरुरी है। यह अरदास किया करो :

***सेई पिआरे मेल जिन्हां मिलिआं***
***तेरा नाम चित आवै॥***

श्री गुरु गोबिंद सिंघ जी महाराज! मेरा उनसे मेल कराओ जिनको मिलने से तेरा नाम याद आए। कहीं उनका संग न हो जाए, जिनको मिलने से आप जी विसर जाओ।

यहाँ दास को एक पुराना जिक्र याद आ गया जो बताने लगा हूँ। संगत का ही एक बच्चा। कहीं बड़ी पढ़ाई के लिए बाहर दाखिला मिला। वहीं होस्टल में रहना था। अब जिस होस्टल में बच्चे को कमरा मिला, उस कमरे में और भी बच्चे थे और वे बच्चे मीट खाते थे।

उस बच्चे का दास को फोन आया। कहने लगा, इस तरह होस्टल में मुझे जो कमरा मिला है, उस कमरे में और भी बच्चे हैं जो कि मीट खाते हैं। बच्चा कहता, होस्टल में रहना भी जरुरी है। होस्टल में लड़के वह सारे मीट खाते हैं। वह बच्चा कहता मैं क्या करूँ? दास ने कहा

कोई बात नहीं घबरा मत हमारे पास एक टेक है। कौन–सी टेक?

*बाणी गुरू गुरू है बाणी*
*विचि बाणी अंम्रित सारे ।।*

*(अंग ९८२)*

हम को गुरबाणी की टेक है। वैसे तो कभी भी उस बच्चे को मीट खाने का ख्याल नहीं आया। दास बात कर रहा है गलत संग के असर से कैसे बचना है। अब वह सारे बच्चे मास खा रहे हैं, वह बच्चा कहता मैं खाना नहीं चाहता पर मेरे साथ वाले लड़के जोर डाल रहे हैं कि खा ले कुछ नहीं होता। अब उस बच्चे के दिमाग में आना शुरू हो गया क्योंकि सारे लड़के खा रहे हैं। कुसंग का असर। फिर दास ने विनती की, बेटा, उनके संग के कारण तेरा दिल कर रहा है तो तू एक पाठ श्री जपुजी साहिब का नेम बढ़ा दे। गले में पल्ला डालकर श्री गुरु गोबिंद सिंघ जी महाराज को यही विनती कर, कलगीधर पिता जी, कृपा करो, मेरा मन इतना पक्का कर दो कि मेरा ध्यान मास खाने की तरफ जाए ही न। कृपा करो, श्री गुरु गोबिंद सिंघ जी महाराज, नितनेम के अलावा एक पाठ जपुजी साहिब जी की आपके चरणों में अरदास है। जितना समय पढ़ाई करने के लिए बाहर आया हूँ, कृपा कर दो। यदि कर्मों में ऐसा संग लिखा भी है तो वह लेख बदल दो। यह कृपा कर दो। अच्छा संग क्यों जरुरी है? कहीं टूट न जाएं गुरु से, सभी माँगा करो :

*सेई पिआरे मेल जिन्हां मिलिआं*
*तेरा नाम चित आवै ।।*

यह दास गुरु साहिब की हजूरी में विनती कर रहा है। दास को 15 दिनों के बाद उस बच्चे का फोन आया कि जपुजी साहिब का एक पाठ बढ़ाकर रोज विनती कर रहा हूँ, बड़ी कृपा हो गई है, उन लड़कों के होस्टल में कमरे बदल गए हैं और मेरे कमरे में श्री गुरु गोबिंद सिंघ जी महाराज ने कृपा कर दी है, शाकाहारी लड़के गुरसिक्ख भेज दिए हैं। उस बच्चे ने गुरबाणी का आसरा लिया। हो सकता है, किसी के लिए यह गीत हो पर जिसकी भावना बन जाए, गुरबाणी पर उसके लिए गुरबाणी रब है, निरंकार है। गुरबाणी वह खजाना है। गुरु साहिब कहते हैं, बताओ क्या नौकरी करवानी है? यह गुरबाणी की बड़ाई है, यह कोई गीत नहीं। यह धुर की बाणी निरंकार का रूप है:

*लोगु जानै इहु गीतु है*
*इहु तउ ब्रहम बीचार ।।*

*(अंग ३३५)*

सिक्ख के पास बहुत बड़ी टेक है, गुरबाणी की। जब कोई इस तरह मुश्किल बन जाए तो गुरबाणी का आसरा लो। अब देखो उस बच्चे को जबरन कुसंग हो जाना था। एक होता है, आदमी आप चलकर कुसंग में जाना। एक होता है जबरन। अब होस्टल एक है, क्या करे, उनके मुताबिक चलना है। पर ऐसी जगह पर भी गुरबाणी की टेक ले लो। गुरु साहिब कहते हैं, तेरी अरदास सही है, सच्ची है। शहीद सिंघों की डयूटी लग जाती है, बना दो विधि। दास यह विनती कर रहा था जब भी जीवन ऊँचा जाता है, अच्छे संग से और जब भी जीवन नीचे गिरता है, कुसंग से। अरदास किया करो बाबा जी, कृपा करो :

*सेई पिआरे मेल जिन्हां मिलिआं*
*तेरा नाम चित आवै ।।*

❁❁❁

**475. प्रश्नः आदरणीय वीर जी, कोई बड़ा कार्य रुक जाए, काम में रुकावट पड़ जाए तो गुरमति अनुसार क्या किया जाए?**

**उत्तरः** इस सवाल की सूझ मिलती है, श्री गुरु अमरदास जी महाराज के इतिहास में। गांव डल्ले में रहने वाले कुछ सिक्ख श्री गुरु अमरदास जी महाराज के पास आए। एक बात बहुत बढ़िया उन्होंने कही। आपके मतलब की है। गांव डल्ले के कुछ सिक्ख श्री गुरु अमरदास जी महाराज के पास आकर कहने लगे, महाराज जी एक विनती है। महाराज जी कहते बताओ। सिक्ख कहने लगे, महाराज जी! (कई बार इस तरह होता है कि कई कार्य रुक जाते हैं। नोट करना, आपकी जिंदगी में भी ऐसा होता होगा। कोई काम पूरा नहीं होता। आपने बहुत यत्न किया, निर्माण करवाना है पर काम रुक गया। आपने यत्न किया कि मेरी बेटी बी.ए. पास कर ले, आईलैटस कर ले पर रुकावट पैदा हो गई। दूसरी बार फिर बी.ए. के पेपर भरे, मेहनत की पर फिर भी कंपाटमैंट आ गई। बार–बार आईलैटस के पेपर देने के बावजूद भी बैंड पूरे नहीं आ रहे। या आपकी बच्ची 26 साल की हो गई है, रिश्ता नहीं हो रहा। विघ्न पैदा हो गया है। विवाह होना जरुरी है पर नहीं हो रहा उस समय क्या करें? इस तरह की कई मुश्किलें गृहस्थी में आ जाती हैं।)

गांव डल्ले के कुछ सिक्ख कहने लगे, महाराज जी! जब किसी काम में कोई रुकावट पड़ जाए, विघ्न पैदा हो जाए, काम पूरा न हो उस समय क्या किया जाए? फिर श्री गुरु अमरदास जी महाराज ने क्या जवाब दिया? ध्यान देना। महाराज जी ने उस समय जो तीन–चार वचन कहे। महाराज जी कहते, ***पहला वचन*– यदि कोई आपको अपने आस–पास कोई भोजन से भूखा नज़र आता है, उसको भोजन दे दो। *दूसरा वचन*– यदि किसी को कोई कपड़े की कमी नजर आ रही है तो उसकी कपड़े की कमी पूरी कर दो।**

कहीं कोई काम रुक जाना कोई छोटी बात नहीं होती। बहुत बड़ा दुख होता है। अड़चन पैदा हो जाना। आपने कोई काम शुरू किया है उसमें करोड़ रुपया फंस गया है या पचास लाख फंस गया है। पार्टी से काम ही पूरा नहीं हो रहा, काम सिद्ध नहीं हो रहा। विघ्न पैदा हो गया। महाराज जी ने वचन किए, ***पहला वचन*– यदि कोई भोजन से भूखा नजर आता है, उसको भोजन दे दो। *दूसरा वचन*– यदि किसी को कपड़े की कमी नजर आ रही है तो उसकी कपड़े की कमी पूरी कर दो। महाराज जी ने *तीसरा वचन किया*– इकट्ठे होकर कीर्तन करो।** देखो हमारे पिता जी की सूझ। आपके आस–पड़ोस कोई जरुरतमंद विधवा स्त्री है, उसके भोजन का साधन, वस्त्र का साधन बनो। तीसरा कहा– इकट्ठे होकर कीर्तन करो। ***चौथा वचन किया*– कड़ाह प्रसाद की देग बनाओ। कीर्तन करने के बाद श्री गुरु चरणों में अरदास करो, आपका बड़े से बड़ा बंधन गुरु साहिब काट देंगे।** देखो! महाराज जी इसमें क्या लेकर आए हैं? गुरबाणी भी लाई, देग भी लाई, दया भी लाई और कीर्तन भी लाये। यह पिता जी की प्यारी सूझें हैं।

# गलती की सज़ा मिलने से पहले तू लेखा बदला सकता है

–जसविन्द्र सिंह (पटियाला)

**परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद**

सारी संगत श्री गुरु तेग बहादर जी महाराज के प्यार में जोर से कहो सतिनाम श्री वाहिगुरु जी।

कोई गुरपर्व मनाता है लंगर लगा कर, कोई गुरपर्व मनाता है छबीलें लगाकर, कोई गुरपर्व मनाता है, उस दिन कोई न कोई सेवा की हाजरी लगाकर। शुक्र है, यह सब कुछ मुबारक चलता रहे पर इसके साथ–साथ आप गुरपर्व मनाओ, उस गुरपर्व में से जो खुशबू आ रही है, वह खुशबू कुछ हमारी जिंदगी में भी आ जाए। श्री गुरु तेग बहादर जी महाराज का गुरपर्व मना रहे हैं, इसमें से आपको कौन–सी खुशबू आएगी :

***गुर पूरा निरवैरु है निंदक दोखी बेमुख तारे।***
*(वार : २६, पउड़ी १६)*

इस गुरपर्व में से कौन–सी खुशबू आएगी :

***कहु नानक तिसु गुर बलिहारी***
***जिनि सभ का कीआ उधारु॥२॥६॥१५॥***
*(अंग ४६६)*

इस गुरपर्व में से कौन–सी खुशबू आएगी :

***मिठ बोलड़ा जी हरि सजणु सुआमी मोरा॥***
*(अंग ७८४)*

जो गुरपर्व का मूल हो, जो उसका उपदेश हो, हम गुरु की बराबरी नहीं कर सकते, कुछ खुशबू हमारे जीवन में भी कहीं आ जाए। गुरु साहिब कहते हैं, जिस सीट पर मैं बैठा हूँ आओ तुम्हें वहाँ बिठा दूँ। गुरु साहिब कहते हैं, वह खुशबू तू जीवन में ला रहा है, मेरे हृदय में कौन–सी जगह है।

***मंने की गति कही न जाइ॥***
*(अंग ३)*

यदि तू मानने लग गया है तो फिर कौन–सी जगह है, हृदय में गुरु के :

***मंने की गति कही न जाइ॥***
***जे को कहै पिछै पछुताइ॥***
***कागदि कलम न लिखणहारु॥***
***मंने का बहि करनि वीचारु॥***
*(अंग ३)*

इस समय जो युग बीत रहा है, ईर्ष्या की अग्नि लगी हुई है। श्री गुरु तेग बहादर जी महाराज का यह गुरपर्व एक निर्वैरता का प्रकाश

देता है। निर्वैरता की खुशबू। वह हमारे जीवन में भी आ जाए। यह महापुरुषों का वचन है पहले भी सुना है। दुबारा ध्यान देना। कई बार स्कूल में एक ही Lesson बार–बार बच्चे को करवाते हैं, याद हो जाए। यह महापुरुषों का वचन है, कहते हैं कि जो गलती करके गलती न माने, अकड़ में रहे, वह दानव है। दानव कहते हैं, राक्षस वृति। पता भी है, गलती पर अंदर का अहंकार जो है, वह सुनने नहीं देता। यह दानव वृति है। ऐसी वृति वाला मनुष्य जो है, उसको कभी चैन नहीं होता। उसकी जो आत्मा है, वह अशांत रहती है। महापुरुष कहते थे जो गलती करके गलती न माने, दानव है। जो गलती करके मन में मान ले की मैंने गलती की है, वह मानव है। भाव मनुष्य है। मन में अनुभव कर लिया है, यहाँ अपनी गलती थी, मानव। कहते, अनुभव करने के बाद बातों का पछतावा न हो, अपने आपको सजा लगाए, यह तूने गलती की है, अब तूने 11 पाठ जपुजी साहिब के करने हैं। बैन लगाए। तूने गलती की है, मन, अब तूने पाँच दिन शहीदां साहिब जोड़े साफ करने हैं। वह जब स्वयं पर बैन लगाता है, जिसने अपनी जिंदगी में तजुर्बा किया है मन में पछतावा कर ले, बहुत छोटा है। जब स्वयं पर प्यार भरी पाठों की सज़ा लगाता है, वह गलती लगभग दुबारा बहुत कम होती है। वह पक्की याद हो जाती है। जीवन में याद रह जाती है कि इतने दिन मैंने जोड़ों की सेवा की थी, गलती करके। गलती करके गलती न माने, दानव। मन में मान ले, मानव। कहते अपने आपको सजा लगाए, वह महा मानव है। महा का अर्थ है महान। वह महान मनुष्य है। महान मनुष्य अपने आपको सजा लगा ले, चाहे नेम की लगा ले यां सेवा की लगा ले। बड़ी प्यारी पउड़ी है।

***मै निरगुणिआरे को गुणु नाही***
***आपे तरसु पइओई ।।***

*(अंग १४२६)*

जब महसूस हो, कोई गलती हो गई है अपने आपको अधिक नेम की सजा लगा ले, सेवा की सजा लगा ली, वह महा मानव है। महान मनुष्य है। गलती सब से होती है।

***भुलण अंदरि सभु को अभुलु गुरू करतारु ।।***

*(अंग ६१)*

तो जो समझ ले, सजा लगा ले, महापुरुषों के वचन, वह महान मनुष्य है। अब ध्यान देना। गलती करे, दानव। मन में मान ले, मानव। अपने आपको सजा लगाए, महान मानव और कहते जिससे गलती हो, उसके पास जाकर मांगे माफी तो वह महान मानव है। कहते, अकड़ना तो हर कोई जानता है। संगत में आकर झुकना सीख जाओ।

***आपनड़ै घरि जाईऐ पैर तिन्हा दे चुंमि ।।७।।***

*(अंग १३७८)*

आजकल समय कम है। घर जाकर कहना कि गलती हो गई है, इतना शायद समय ही न हो हमारे पास। कहते फोन पर कर ले। दास के ख्याल से तब श्री गुरु तेग बहादर जी महाराज खुश होते हैं, मेरे बच्चे को जीने का ढंग आ गया है। इस्तेमाल करके देखो।

भलाई केन्द्र दास द्वारा किसी को कुछ कह दिया। जल्दबाजी से कहा गया। पांच बजे शाम

को कहा था। मन को महसूस हुआ कि ऐसा नहीं कहना चाहिए था। जब दास घर आया तो जब पौने दस का टाइम था। उधर से सोहिला साहिब का पाठ किया तो मन न टिके कि आज तूने यह बोल दिया है, तुझे नहीं बोलना चाहिए था।

***हारने से जीतना कठिन।***
***जीतने से सहन करना।***

दस बज गए मन न टिके। सवा दस बज गए, बाबा जी के कमरे। जब 10:20 हो गए दास ने सोचा कि क्या किया जाए। फिर मोबाइल लेकर उसका नंबर मिलाया। जब दास ने नंबर मिलाया तो उससे कहा कि ये लफज आज बोले गए हैं इसलिए दास स्वयं पर पाँच पाठ जपुजी साहिब का बैन लगा रहा है और माफी मांगता हूँ कि तुम फील मत करना। यह जल्दबाजी में बोला गया था। ध्यान देना। यदि बात न करते तो सारी रात बात चुभती रहती और इधर मन नहीं टिक रहा था। इसके बाद दास को ऐसे शांति मिली कि जैसे अंदर से आवाज आई कि श्री गुरु तेग बहादर जी महाराज कहते हैं, यही मैं मांगता हूँ। इसको बड़ाई मत समझना कि अपनी बात कर दी। यह किसी समय नक्शा बताने के लिए कहना पड़ता है। बात कह कर गुजर जाएं। यह पंक्ति है :

***फरीदा जो तै मारनि मुकीआं तिन्हा न मारे घुंमि।।***
***आपनड़ै घरि जाईऐ पैर तिन्हा दे चुंमि।।७।।***
*(अंग १३७८)*

फोन पर इतना कह देते हैं कि माफी तो वह भी पैर चूमने ही है। वह भी घर जाना ही है। जैसे समय के साथ फोन आ गए हैं। पर इससे अंदर एक शांति मिल जाती है। इसको और मत समझना, बात सुनाने में विवरण दिया है। यह जीवन बनाओ, गुरु साहिब देखते हैं तेरा हृदय कितना बर्दाशत वाला है। गलती न माने, दानव। गलती मान ले, मानव। बैन लगा ले, महां मानव। माफी मांग ले, महां महान मानव। एक बार सारे कहो, धन्य श्री गुरु तेग बहादर जी महाराज।

कोई ऐसा है, कहते, गलती करे ही न, गलती कोई करे, ले अपने पर ले, यह सबसे कठिन काम है। यह आप कर सकते हो, श्री गुरु तेग बहादर जी महाराज। यह आप कर सकते हो, धन्य बाबा दीप सिंघ जी। गलती करे ही न, गलती स्वयं पर ले ले। न तिलक लगाते हैं, न जनेउ पहनते हैं। मुश्किल किसी और पर बनी है, ले अपने पर ले, वह हैं धन्य श्री गुरु तेग बहादर जी महाराज। आपके पिता कौन हैं? कितनी निर्वैरता। सिक्ख आए। आकर कहते, अब्दाली हिन्दुस्तान की बहू–बेटियों को लूटकर ले जा रहा है, कैद करके ले जा रहा है, बेइज्जती से ले जा रहा है, बुरी नीयत से ले जा रहा है। क्या हुक्म है? हुक्म देने से पहले जो रिपोर्ट आई है, उन बहू–बेटियों में से सिक्ख की एक भी नहीं है। कहने वाले संदेश देने वाले भी सिक्ख और बाबा जी भी सिक्ख श्री गुरु गोबिंद सिंघ जी महाराज के प्यारे।

अब्दाली बहू–बेटियों को बंदी बनाकर ले जा रहा है। बुरी नीयत से ले जा रहा है। उन में से सिक्खों की एक भी बेटी नहीं थी। सिक्ख

कहते, बाबा जी क्या हुक्म है? बाबा जी कहते बेटियाँ सबकी बराबर होती हैं, चाहे सिक्ख की एक भी नहीं। देखो कहाँ पहुँचे हैं। मुसीबत किस पर आई है, वह घरों में रो रहे हैं, बस। दो सौ के करीब सिंघों का जत्था लेकर बाबा दीप सिंघ जी इतना बड़ा कठिन काम उस अब्दाली के लाम–लश्कर में से बेटियों को छुड़ाना कोई सरल नहीं। उन बेटियों को छुड़ाकर फिर उन्होंने घर–घर भेजना है। यह क्या है? मुश्किल किसी पर बनी है, ले अपने पर ली।

आपके मालिक कौन हैं? धन्य श्री गुरु तेग बहादर जी महाराज न तिलक लगाते हैं, न जनेऊ पहनते हैं। मुश्किल किस पर बनी है, शीश अपना दिया है।

***कहु नानक तिसु गुर बलिहारी***
***जिनि सभ का कीआ उधारु॥२॥६॥१५॥***
*(अंग ४६६)*

क्या यह साखियां सुनकर आप नहीं कहोगे, धन्य श्री गुरु तेग बहादर जी महाराज आपकी शहीदी दिवस पर खुशबू आती है, निर्वैरता की। यह खुशबू यदि हमारे जीवन में आ जाए तो श्री गुरु तेग बहादर जी कहेंगे, तुझे दिवस मनाना आ गया है। यह लाओ।

अमृतसर में तीन–चार साल पहले नगर कीर्तन था और दास किसी के स्कूटर पर बैठा जा रहा था, पीछे बैठा। आगे Rush आ गया और दास उतर गया। एक हिन्दू वीर ने 10–15 पेटियां फल की लगाईं, सेहरे 10–15 लेकर बैठा, फूलों के। दास ने पूछ लिया, तेरा मनियारी का काम है और तूने फल लगाया है बाहर। पेटियां सेहरे पकड़े हैं फूलों के। नोटों के सेहरे मनियारी वाले रखते हैं और तूने फूलों के सेहरे पकड़े हैं। वह कहने लगा, क्या आपको नहीं पता? आज श्री गुरु तेग बहादर जी महाराज के शहीदी दिवस के संबंध में नगर कीर्तन निकलना है। कहता, यह फल मैंने संगत को खिलाने हैं, वह हिन्दू वीर। यह सेहरे मैंने पाँच प्यारों के गले में डालकर हाजरी लगानी है। जो श्री गुरु ग्रंथ साहिब जी के पास बैठे होंगे उनके गले में सेहरे डाल कर हाजरी लगानी है। दास ने फिर कहा कि तू तो हिन्दू वीर है। तूने क्यों इतना खर्च किया है? फल लेकर आया है। सेहरे लेकर आया है। तू तो हिन्दू वीर है। दास को वह समय आज तक याद है। दोनों हाथ ऊपर करके उसने कहा कि यदि श्री गुरु तेग बहादर जी महाराज न होते तो हम में से किसी ने भी नहीं होना था यहाँ। दास ने उसको गले लगा लिया। दास ने कहा कि कई अकृतघन बन गए। तू गुरु का कीआ जानता है। संगत जी ध्यान देना। श्री गुरु तेग बहादर जी महाराज न तिलक लगाते, न जनेऊ पहनते थे। पर यदि मुश्किल बनी तो स्वयं पर ले ली। पढ़ो प्यार से :

***तिलक जंञू राखा प्रभ ता का॥***
***कीनो बडो कलू महि साका॥***
*(श्री दसम ग्रंथ, बचित्र नाटक)*

यह निर्वैरता, वह खुशबू इस पौधे में से खूब आए, बार–बार आए। गुरु की मेहर हो। श्री गुरु नानक देव जी महाराज के घर को हमारी बुद्धि पहचाने। किसी ने कहा, मेरी खलकत का भला हो, किसी ने कहा कि मेरी खलकत स्वर्ग में

जाए, किसी ने कहा मेरी खलकत को पूरी रियायत करना पर श्री गुरु नानक देव जी महाराज ने क्या कहा :

*नानक नाम चढ़दी कला ।।*
*तेरे भाणे सरबत का भला ।।*

गुरु साहिब ने केवल अपनी खलकत का भला नहीं माना। सरबत का भला। आप पर, हम सब पर गुरु साहिब कृपा करें। यह निर्वैरता की खुशबू हम से भी आए।

दास ने एक बार रसाले में वचन पढ़ा था कि संत रतवाड़े वाले महापुरुषों का। उनके पास एक स्त्री आई और कहने लगी मेरे पति को और मेरे देवर को, साथ–साथ घर हैं, रात को ऐसे लगता है कि कोई चीज आकर दबाती है। चिल्लाते हैं। रात को दबाव पड़ता है, किसी बुरी चीज का। वह हँस पड़े महापुरुष। वह स्त्री कहने लगी– इतना बड़ा दुख है, हमारे घर। पति, देवर चिल्लाने लग गए। जब नींद आई तो किसी ने दबाया है। बुरी चीजें हैं।

*कई कोटि भूत प्रेत सूकर म्रिगाच ।।*
*(अंग २७६)*

आप हँस दिए। मुझे इतना बड़ा दुख लगा हुआ है और आप हँस रहे हो। बात आपके ध्यान देने वाली है। चाहे विषय निर्वैरता का चल रहा है पर उसमें से कुछ मिलता है। महापुरुष कहने लगे, दरबार साहिब से हरि की पौड़ी का जल लाकर कटोरी में रख और उस जल पर निगाह टिका कर, यह महापुरुष ने बताया कि जल पर निगाह रखनी है। निगाह टिका कर, 101 बार शब्द पढ़ना है :

*बिलावलु महला ५ ।।*
*ताती वाउ न लगई पारब्रहम सरणाई ।।*
*चउगिरद हमारै राम कार दुखु लगै न भाई ।। १ ।।*
*(अंग ८१६)*

दास ने जो पढ़ा है, वह बता रहा हूँ। इसका महातम भी अधिक मिलता है। महापुरुष कहते हैं कि जल पर निगाह टिका कर यह शब्द पढ़ना है। 101 बार पढ़कर अपने पति को सप्ताह दस दिन वह पिला। यह श्री गुरु नानक देव जी महाराज की बाणी है। जहाँ बाणी आ जाए, जरुरत नहीं किसी बुरी चीज के आने की। कहते, उस स्त्री ने हरि की पौड़ी से जल लिया। कटोरी में डाला और 101 बार यह शब्द पढ़ा :

*बिलावलु महला ५ ।।*
*ताती वाउ न लगई पारब्रहम सरणाई ।।*
*चउगिरद हमारै राम कार दुखु लगै न भाई ।। १ ।।*
*(अंग ८१६)*

कहते कि जब पहले दिन पति को अमृत पिलाया तो आराम से रात को सोया। वह क्या था? जो बुरी चीज जोर डालती है, बाणी के प्रभाव से भागना पड़ा। निकल गई। दूसरे दिन भी कुछ नहीं हुआ वैसे कटोरी में जल डालकर शब्द पढ़ा। तीसरे दिन भी कुछ नहीं। चौथे, पाँचवें, छठे दिन भी कुछ नहीं। अब घर साथ–साथ था। देवर को रोज होता है। ध्यान देना। चौथे, पाँचवे दिन देवर कहता है, तूने क्या किया है? तेरा पति ठीक हो गया है। दोनों को एक जैसी बीमारी। एक जैसी मुश्किल पर मुझ से नहीं हटी। तूने क्या किया है? इतना पूछा है

*–शेष पन्ना 51 पर*

# धन्य धन्य बाबा अटल राय जी

*–भाई साहिब भाई वीर सिंघ जी*

धन्य धन्य बाबा अटल राय जी ने विक्रमी संवत 1679, कार्तिक शुदि पूर्णमाशी, दिन बुधवार तीन मुहूर्त रात को माता नानकी जी की कोख से श्री गुरु हरिगोबिंद साहिब जी के गृह में अवतार लिया। इस समय का आनंद जो गुरु घर में और श्री अमृतसर में हुआ, कथन से परे है।

